
# M. R. GOVT. COLLEGE, FAZILKA

## 2025-26




# Prospectus

# ਅੰਤਿਕਾ


ਕਾਲਜ ਦਾ ਸੰਖੇਪ ਇਤਿਹਾਸ ........ 1

ਸੰਦੇਸ਼ ........ 2

ਕਾਲਜ ਦੇ ਉਦੇਸ਼ ........ 3

ਅਧਿਆਪਨ ਅਮਲਾ ........ 4

ਦਫਤਰੀ ਅਤੇ ਸਹਿਯੋਗੀ ਅਮਲਾ ........ 5

ਦਾਖਲੇ ਦੇ ਨਿਯਮ ........ 6

ਕਾਲਜ ਵਿੱਚ ਉਪਲੱਬਧ ਕੋਰਸ ਅਤੇ ਸੀਟਾਂ ਦਾ ਵੇਰਵਾ ........ 9

ਦਾਖਲਾ ਸੀਟਾਂ ਦਾ ਰਾਖਵਾਂਕਰਨ ਅਤੇ ਹਦਾਇਤਾਂ ........ 10

ਪੜ੍ਹਾਏ ਜਾਣ ਵਾਲੇ ਵਿਸ਼ੇ ........ 11

ਸੈਲਫ ਫਾਇਨਾਂਸ ਕੋਰਸ ........ 12

ਵਿਸ਼ਾ ਤਬਦੀਲੀ, ਫੀਸ ਮੁਆਫੀ ਅਤੇ ਵਿਸ਼ੇ ਬਾਰੇ ਜਾਣਕਾਰੀ ........ 13

ਜਰੂਰੀ ਹਦਾਇਤਾਂ ........ 14

ਹਾਜ਼ਰੀ, ਆਤਰਕ ਮੁਲਾਂਕਣ, ਛੁੱਟੀ ਦੇ ਨਿਯਮ ਅਤੇ ਸ਼ਨਾਖਤੀ ਕਾਰਡ ........ 16

ਲਾਇਬ੍ਰੇਰੀ ਵਿੱਚ ਕਿਤਾਬਾਂ ਲੈਣ ਦੇ ਨਿਯਮ ........ 17

ਐਨ.ਐਸ.ਐਸ / ਐਨ.ਸੀ.ਸੀ / ਸਭਿਆਚਾਰਕ ਗਤੀਵਿਧੀਆਂ ਅਤੇ ਹੋਰ ਅਹਿਮ ਜਾਣਕਾਰੀ ........ 18 ਤੋਂ 22 ਤੱਕ

ਫੀਸਾਂ ਬਾਰੇ ਵਿਸਥਾਰਪੂਰਵਕ ਵੇਰਵਾ ........ 23




ਲਾਲਾ ਮੁਨਸ਼ੀ ਰਾਮ ਅਗਰਵਾਲ (ਇਸ ਸੰਸਥਾ ਦੇ ਸੰਸਥਾਪਕ)

# ਕਾਲਜ ਬਾਰੇ

ਇਹ ਵਿੱਦਿਅਕ ਅਦਾਰਾ ਸ਼੍ਰੀ ਮੁਨਸ਼ੀ ਰਾਮ ਲੱਖਪਤੀ ਦੀ ਇਸ ਇਲਾਕੇ ਨੂੰ ਅਨਮੋਲ ਦੇਣ ਹੈ। ਇਸ ਇਲਾਕੇ ਦੇ ਲੋਕਾਂ ਲਈ ਇਹ ਸਦਾ ਹੀ ਚਾਨਣ ਮੁਨਾਰਾ ਬਣਿਆ ਰਿਹਾ ਹੈ ਅਤੇ ਆਉਣ ਵਾਲੀਆਂ ਨਸਲਾਂ ਲਈ ਇਹ ਹਮੇਸ਼ਾ ਪੱਥ-ਪ੍ਰਦਰਸ਼ਕ ਬਣਿਆ ਰਹੇਗਾ।ਸ਼੍ਰੀ ਮੁਨਸ਼ੀ ਰਾਮ ਜੀ ਦੇ ਇਸ ਪਰਉਪਕਾਰ ਲਈ ਆਉਣ ਵਾਲੀਆਂ ਪੀੜ੍ਹੀਆਂ ਹਮੇਸ਼ਾ ਉਹਨਾਂ ਦੀਆਂ ਰਿਣੀ ਰਹਿਣਗੀਆਂ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ ਇਹ ਕਾਲਜ ਮੁੱਢਲੇ ਰੂਪ ਵਿੱਚ ਮੁਨਸ਼ੀ ਰਾਮ ਕਾਲਜ ਫ਼ਾਜ਼ਿਲਕਾ ਦੇ ਨਾਮ ਨਾਲ਼ 1940 ਵਿੱਚ ਕਾਇਮ ਕੀਤਾ ਗਿਆ ਸੀ। 1947 ਵਿਚ ਇਸ ਕਾਲਜ ਨੂੰ ਡਿਗਰੀ ਪੱਧਰ ਦਾ ਕਰ ਦਿੱਤਾ ਗਿਆ।1950 ਵਿੱਚ ਕਾਲਜ ਵਿੱਚ ਸਾਂਝੀ ਵਿੱਦਿਆ (Co-education) ਸ਼ੁਰੂ ਕੀਤੀ ਗਈ ਅਤੇ ਬੀ.ਐੱਸ.ਸੀ. ਨਾਨ-ਮੈਡੀਕਲ ਦੀ ਕਲਾਸ ਸ਼ੁਰੂ ਕੀਤੀ ਗਈ। 1983 ਵਿੱਚ ਪੰਜਾਬ ਸਰਕਾਰ ਦੀ ਮਲਕੀਅਤ ਬਣਨ ਨਾਲ਼ ਇਸ ਅਦਾਰੇ ਦਾ ਨਾਮ 'ਐੱਮ. ਆਰ. ਸਰਕਾਰੀ ਕਾਲਜ ਫ਼ਾਜ਼ਿਲਕਾ ਰੱਖਿਆ ਗਿਆ।ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਇਸ ਅਦਾਰੇ ਨੇ ਪਾਕਿਸਤਾਨੀ ਪੰਜਾਬ ਸਮੇਤ ਭਾਰਤੀ ਪੰਜਾਬ ਦੇ ਇਲਾਕੇ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਪੈਦਾ ਕੀਤੀਆਂ ਹਨ। ਕਦੇ ਇਸ ਕਾਲਜ ਵਿੱਚ ਸਰਸਾ ਤੋਂ ਲੈ ਕੇ ਮੁਲਤਾਨ (ਪਾਕਿਸਤਾਨ) ਤੱਕ ਵਿਦਿਆਰਥੀ ਸਿੱਖਿਆ ਲੈਂਦੇ ਰਹੇ ਹਨ ਅਤੇ ਅੱਜ ਵੀ 'ਐੱਮ.ਆਰ. ਸਰਕਾਰੀ ਕਾਲਜ ਫ਼ਾਜ਼ਿਲਕਾ ਆਪਣੇ ਪੱਖ ਤੋਂ ਇਲਾਕੇ ਦੇ ਲੋਕਾਂ ਦੀ ਬੌਧਿਕ ਉਸਾਰੀ ਵਿੱਚ ਭਰਪੂਰ ਹਿੱਸਾ ਪਾ ਰਿਹਾ ਹੈ।



## ਸੰਦੇਸ਼

ਮਾਲਵਾ ਖੇਤਰ ਦੀਆਂ ਵਿਦਿਅਕ ਸੰਸਥਾਵਾਂ ਵਿੱਚ 'ਐੱਮ.ਆਰ.ਸਰਕਾਰੀ ਕਾਲਜ ਫ਼ਾਜ਼ਿਲਕਾ' ਨਾਮਵਰ ਸੰਸਥਾ ਹੈ । ਮਾਨਵੀ ਸਭਿਅਤਾ ਦੇ ਵਿਕਾਸ ਵਿੱਚ ਵਿਦਿਅਕ ਸੰਸਥਾਵਾਂ ਅਹਿਮ ਭੂਮਿਕਾ ਅਦਾ ਕਰਦੀਆਂ ਹਨ । ਵਿਦਿਅਕ ਸੰਸਥਾਵਾਂ ਰਾਹੀਂ ਜ਼ਰੂਰੀ ਗਿਆਨ ਅਤੇ ਕਾਰਜ ਵਿਧੀਆਂ ਨੂੰ ਪੀੜ੍ਹੀ- ਦਰ-ਪੀੜ੍ਹੀ ਵਿਰਸੇ ਵਜੋਂ ਸਪੁਰਦ ਕੀਤਾ ਜਾਂਦਾ ਹੈ। ਇਸ ਸੰਸਥਾ ਦੀ ਸਥਾਪਨਾ 1940 ਈ: ਵਿੱਚ ਹੋਈ। 'ਐੱਮ.ਆਰ.ਸਰਕਾਰੀ ਕਾਲਜ ਫ਼ਾਜ਼ਿਲਕਾ' ਨੂੰ ਅਨਮੋਲ ਪ੍ਰਤਿਭਾਵਾਂ ਦੀ ਟਕਸਾਲ ਵਜੋਂ ਜਾਣਿਆ ਜਾਂਦਾ ਹੈ।

'ਐੱਮ.ਆਰ.ਸਰਕਾਰੀ ਕਾਲਜ ਫ਼ਾਜ਼ਿਲਕਾ' ਨੇ ਵੱਖ-ਵੱਖ ਖੇਤਰਾਂ ਵਿੱਚ ਨਾਮਵਰ ਹਸਤੀਆਂ ਨੂੰ ਸਿਰਜਿਆ ਹੈ। ਇਹ ਸੰਸਥਾ ਯਤਨਸ਼ੀਲ ਹੈ ਅਜਿਹੀ ਅਧਿਆਪਨ ਸ਼ੈਲੀ ਅਪਣਾਉਣ ਲਈ ਜਿਸ ਵਿੱਚ ਰਸਮੀ ਮਾਨਤਾਵਾਂ ਅਤੇ ਆਧੁਨਿਕ ਵਿਗਿਆਨਿਕ ਦ੍ਰਿਸ਼ਟੀਕੋਣ ਦਾ ਸੁਮੇਲ ਹੋ ਸਕੇ । ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਦੇ ਨਾਲ-ਨਾਲ ਅਨੁਸ਼ਾਸ਼ਿਤ ਜੀਵਨ-ਜਾਂਚ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਤ ਕਰਨ ਲਈ ਇਹ ਸੰਸਥਾ ਨਿਰੰਤਰ ਯਤਨਸ਼ੀਲ ਹੈ । ਇਸ ਇਲਾਕੇ ਨਾਲ ਸੰਬੰਧਿਤ ਬਹੁ-ਗਿਣਤੀ ਵਿਦਿਆਰਥੀਆਂ ਦਾ ਸੁਨਹਿਰੀ ਭਵਿੱਖ 'ਐੱਮ.ਆਰ. ਕਾਲਜ ਵਿੱਚੋਂ ਹੋ ਕੇ ਹੀ ਲੰਘਦਾ ਹੈ।

ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਮੈਨੂੰ ਇਸ ਸੰਸਥਾ ਵਿੱਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ । ਇਸ ਸੰਸਥਾ ਨੇ ਲੰਮੇ ਸਮੇਂ ਤੋਂ ਅਕਾਦਮਿਕ, ਸੱਭਿਆਚਾਰਕ, ਖੇਡਾਂ ਅਤੇ ਸਹਿ-ਵਿਦਿਅਕ ਗਤੀਵਿਧੀਆਂ ਦੇ ਖੇਤਰ ਵਿੱਚ ਸਦਾ ਮੋਹਰੀ ਸਥਾਨ ਪ੍ਰਾਪਤ ਕੀਤਾ ਹੈ। ਇਸ ਨਾਮਵਰ ਸੰਸਥਾ ਤੋਂ ਸਿੱਖਿਆ ਹਾਸਲ ਕਰਕੇ ਗਏ ਵਿਦਿਆਰਥੀ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵੱਖ-ਵੱਖ ਖੇਤਰਾਂ ਵਿੱਚ ਤਰੱਕੀਆਂ ਕਰ ਰਹੇ ਹਨ ।

ਮੈਂ ਵਿਦਿਅਕ ਸੈਸ਼ਨ 2025-26 ਲਈ ਇਸ ਸੰਸਥਾ ਦੇ ਵਿਹੜੇ ਵਿੱਚ ਪ੍ਰਵੇਸ਼ ਕਰਨ ਲਈ ਤੁਹਾਨੂੰ 'ਜੀ ਆਇਆਂ' ਕਹਿੰਦਾ ਹਾਂ ਅਤੇ ਤੁਹਾਡੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹਾਂ।

ਸ਼ੁਭ ਇੱਛਾਵਾਂ

ਸ਼ੁੱਭ ਕਾਮਨਾਵਾਂ ਸਹਿਤ।

ਰਾਜੇਸ਼ ਕੁਮਾਰ ਖਣਗਵਾਲ

ਪ੍ਰਿੰਸੀਪਲ ।




## ਕਾਲਜ ਦੇ ਉਦੇਸ਼

'ਐੱਮ. ਆਰ. ਸਰਕਾਰੀ ਕਾਲਜ ਫ਼ਾਜ਼ਿਲਕਾ ਸਰਹੱਦੀ ਅਤੇ ਪੱਛੜੇ ਇਲਾਕੇ ਵਿਚ ਸਥਿਤ ਹੈ। ਇਸ ਲਈ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣਾ, ਉਚੇਰੀ ਸਿੱਖਿਆ ਦੇ ਨਾਲ਼-ਨਾਲ਼ ਵਿਦਿਆਰਥੀਆਂ ਵਿੱਚ ਨੈਤਿਕ ਗੁਣਾਂ ਦਾ ਸੰਚਾਰ ਕਰਨਾ, ਆਪਣੇ ਘਰ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਦੇਸ਼ ਦੀ ਖੁਸ਼ਹਾਲੀ ਅਤੇ ਤਰੱਕੀ ਵਿਚ ਆਪਣਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨਾ, ਪ੍ਰਦੂਸ਼ਣ ਅਤੇ ਨਸ਼ੇ ਵਰਗੀਆਂ ਮਾਰੂ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਹਿਤ ਕੰਮ ਕਰਨਾ ਇਸ ਕਾਲਜ ਦੇ ਪ੍ਰਮੁੱਖ ਉਦੇਸ਼ ਹਨ।

ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਕਾਲਜ ਵਿੱਚ ਉਚੇਰੀ ਸਿੱਖਿਆ ਦੇ ਨਾਲ਼ ਐਨ.ਸੀ.ਸੀ., ਐਨ. ਐਸ. ਐਸ., ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਇੰਨਵਾਇਰਨਮੈਂਟ ਐਜੂਕੇਸ਼ਨ ਦਾ ਯੋਗ ਪ੍ਰਬੰਧ ਹੈ। ਵਿਦਿਆਰਥੀਆਂ ਦੀ ਬੌਧਿਕ ਯੋਗਤਾ ਨੂੰ ਪ੍ਰਫੁੱਲਤ ਕਰਨ ਲਈ ਸਮੇਂ-ਸਮੇਂ ਤੇ ਕਾਲਜ ਵਿੱਚ ਵਿਦਿਅਕ, ਸਹਿ-ਵਿਦਿਅਕ ਗਤਿਵਿਧੀਆਂ, ਵੱਖ-ਵੱਖ ਮੁਕਾਬਲੇ, ਵਿਦਿਅਕ ਇਤਿਹਾਸਿਕ ਯਾਤਰਾਵਾਂ ਅਤੇ ਵੱਖ-ਵੱਖ ਵਿਸ਼ਿਆਂ ਨਾਲ਼ ਸਬੰਧਤ ਵਿਦਵਾਨਾਂ ਦੀਆਂ ਵਿਚਾਰ ਚਰਚਾਵਾਂ, ਸੈਮੀਨਾਰਾਂ ਦਾ ਢੁਕਵਾਂ ਪ੍ਰਬੰਧ ਕੀਤਾ ਜਾਂਦਾ ਹੈ। ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਨੂੰ ਵਿਕਸਤ ਕਰਨ ਲਈ ਕਾਲਜ ਰਸਾਲਾ The Fountain ਕੱਢਿਆ ਜਾਂਦਾ ਹੈ।

# ਅਧਿਆਪਨ ਸਟਾਫ (Teaching Staff)

ਪ੍ਰਿੰਸੀਪਲ- ਸ੍ਰੀ ਰਾਜੇਸ਼ ਕੁਮਾਰ ਖਣਗਵਾਲ

ਪ੍ਰਿੰਸੀਪਲ ਆਫਿਸ ਫੋਨ ਨੰ: 01638-262662, 262960

## ਅੰਗਰੇਜੀ ਵਿਭਾਗ

1) ਪ੍ਰੋ. ਨਵਦੀਪ ਸਿੰਘ ('ਐੱਮ.ਏ,'ਐੱਮ.ਫਿਲ, ਨੈੱਟ, ਜੇ.ਆਰ.ਐਫ)
2) ਪ੍ਰੋ. ਸ਼ੀਨਮ ਰਹੇਜਾ ('ਐੱਮ.ਏ, ਬੀ.ਐੱਡ, ਨੈੱਟ, ਜੇ.ਆਰ.ਐਫ)
3) ਪ੍ਰੋ. ਬਲਜਿੰਦਰ ਸਿੰਘ ('ਐੱਮ.ਏ,'ਐੱਮ.ਫਿਲ, ਬੀ.ਐੱਡ, ਨੈੱਟ, ਜੇ.ਆਰ.ਐਫ)
4) ਪ੍ਰੋ. ਹੇਮੰਤ ਕੁਮਾਰ ('ਐੱਮ.ਏ, ਨੈੱਟ)
5) ਪ੍ਰੋ. ਅੰਸ਼ੂ ਸ਼ਰਮਾ ('ਐੱਮ.ਏ, 'ਐੱਮ.ਫਿਲ)**
6) ਪ੍ਰੋ. ਮਮਤਾ ਗਰੋਵਰ ('ਐੱਮ.ਏ,'ਐੱਮ.ਫਿਲ)*
7) ਡਾ. ਰਣਜੀਤ ਕੌਰ ('ਐੱਮ.ਏ,'ਐੱਮ.ਫਿਲ, ਪੀ.ਐੱਚ.ਡੀ )*
8) ਪ੍ਰੋ. ਮਿਨਾਕਸ਼ੀ ਵਰਮਾ ('ਐੱਮ.ਏ,'ਐੱਮ.ਫਿਲ)*

## ਹਿੰਦੀ ਵਿਭਾਗ

1) ਪ੍ਰੋ. ਮੰਜੂ ਰਾਣੀ ('ਐੱਮ.ਏ, ਨੈੱਟ, ਜੇ.ਆਰ.ਐਫ)
2) ਪ੍ਰੋ. ਅਨੀਤਾ ਰਾਜ ('ਐੱਮ.ਏ, ਬੀ.ਐੱਡ, ਨੈੱਟ, ਜੇ.ਆਰ.ਐਫ)

## ਪੰਜਾਬੀ ਵਿਭਾਗ

1) ਡਾ. ਗੁਰਪ੍ਰੀਤ ਸਿੰਘ ('ਐੱਮ.ਏ, 'ਐੱਮ.ਫਿਲ, ਨੈੱਟ, ਜੇ.ਆਰ.ਐਫ, ਪੀ.ਐੱਚ.ਡੀ)
2) ਡਾ. ਅਮਰਜੀਤ ਸਿੰਘ ('ਐੱਮ.ਏ, 'ਐੱਮ.ਫਿਲ, ਨੈੱਟ, ਜੇ.ਆਰ.ਐਫ, ਪੀ.ਐੱਚ.ਡੀ)
3) ਪ੍ਰੋ. ਜਗਮੀਤ ਸਿੰਘ ('ਐੱਮ.ਏ, 'ਐੱਮ.ਫਿਲ, ਨੈੱਟ, ਜੇ.ਆਰ.ਐਫ)
4) ਪ੍ਰੋ. ਗੁਰਵਿੰਦਰ ਸਿੰਘ ('ਐੱਮ.ਏ,'ਐੱਮ.ਫਿਲ, ਬੀ.ਐੱਡ, ਨੈੱਟ, ਜੇ.ਆਰ.ਐਫ)
5) ਪ੍ਰੋ. ਜਸਕਰਨ ਸਿੰਘ (ਬੀ.ਕਾਮ, 'ਐੱਮ.ਏ, (ਪੰਜਾਬੀ, ਪੱਤਰਕਾਰੀ ਅਤੇ ਜਨ ਸੰਚਾਰ), ਬੀ.ਐੱਡ, ਨੈੱਟ, ਜੇ.ਆਰ.ਐਫ)
6) ਡਾ. ਗੁਰਜਿੰਦਰ ਕੌਰ ('ਐੱਮ.ਏ.,'ਐੱਮ.ਫਿਲ, ਪੀ.ਐੱਚ.ਡੀ.)*
7) ਡਾ. ਵੀਰਪਾਲ ਕੌਰ ('ਐੱਮ.ਏ.,'ਐੱਮ.ਫਿਲ,ਪੀ.ਐੱਚ.ਡੀ)*
8) ਡਾ. ਸ਼ੇਰ ਸਿੰਘ ਸੰਧੂ ('ਐੱਮ.ਏ,ਨੈੱਟ, ਪੀ.ਐੱਚ.ਡੀ)*
9) ਪ੍ਰੋ. ਪਰਵੀਨ ਰਾਣੀ ('ਐੱਮ.ਏ, ਨੈੱਟ)*
10) ਪ੍ਰੋ. ਮਨਪ੍ਰੀਤ ਕੌਰ ('ਐੱਮ.ਏ, 'ਐੱਮ.ਫਿਲ, ਬੀ.ਐੱਡ, ਨੈੱਟ, ਜੇ.ਆਰ.ਐਫ)*

## ਰਾਜਨੀਤੀ ਸ਼ਾਸਤਰ ਵਿਭਾਗ

1) ਪ੍ਰੋ. ਰੇਨੂੰ ਬਾਲਾ (ਐਮ.ਏ, ਨੈੱਟ, ਜੇ.ਆਰ.ਐਫ, ਆਈ.ਸੀ.ਐੱਸ.ਐੱਸ.ਆਰ,)
2) ਪ੍ਰੋ. ਗੁਰਪ੍ਰੀਤ ਸਿੰਘ ('ਐੱਮ.ਏ,ਬੀ.ਐੱਡ, ਨੈੱਟ, ਪੋਸਟ ਗ੍ਰੈਜੂਏਟ ਡਿਪਲੋਮਾ ਇਨ ਗਾਇਡੈਂਸ ਐਂਡ ਕਾਉਂਸਿਲੰਗ)

## ਇਤਿਹਾਸ ਵਿਭਾਗ

1) ਪ੍ਰੋ. ਸ਼ਾਲੂ ('ਐੱਮ.ਏ, ਨੈੱਟ, ਜੇ.ਆਰ.ਐਫ)
2) ਪ੍ਰੋ. ਰਿਤੂ ਅਗਰਵਾਲ ('ਐੱਮ.ਏ, ਬੀ.ਐੱਡ, ਨੈੱਟ)
3) ਪ੍ਰੋ. ਸਲਮਾ ਰਾਣੀ 'ਐੱਮ.ਏ (ਇਤਿਹਾਸ ਅਤੇ ਪੰਜਾਬੀ) ਨੈੱਟ)
4) ਪ੍ਰੋ. ਉਨੀਕਾ ਕੰਬੋਜ਼ ('ਐੱਮ.ਏ.,'ਐੱਮ.ਫਿਲ)*
5) ਡਾ. ਪਰਦੀਪ ਕੁਮਾਰ ('ਐੱਮ.ਏ, 'ਐੱਮ.ਫਿਲ,ਪੀ.ਐੱਚ.ਡੀ)*
6) ਪ੍ਰੋ. ਸ਼ਮਸ਼ੇਰ ਸਿੰਘ ('ਐੱਮ.ਏ.,'ਐੱਮ.ਫਿਲ)*

## ਭੂਗੋਲ ਵਿਭਾਗ

1) ਪ੍ਰੋ. ਅਜੈਪਾਲ ('ਐੱਮ.ਏ, ਬੀ.ਐੱਡ, ਨੈੱਟ)
2) ਪ੍ਰੋ. ਤਲਵਿੰਦਰ ਸਿੰਘ ('ਐੱਮ.ਐਸ.ਸੀ, ਨੈੱਟ)*

## ਸਰੀਰਿਕ ਸਿੱਖਿਆ ਵਿਭਾਗ

1) ਪ੍ਰੋ. ਵਰਿੰਦਰ ਸਿੰਘ (ਡੀ.ਪੀ,ਐੱਡ. ਬੀ.ਪੀ.ਈ. (ਐਲ.ਈ.) ਬੀ.ਪੀ.ਐਡ, ਐਮ.ਪੀ.ਐਡ, ਨੈੱਟ, ਜੇ.ਆਰ.ਐਫ)
2) ਡਾ. ਰਾਮ ਸਿੰਘ (ਬੀ.ਪੀ.ਐਡ, ਐਮ.ਪੀ.ਐੱਡ, ਪੀ.ਐੱਚ.ਡੀ)*
3) ਖਾਲੀ

## ਗਣਿਤ ਵਿਭਾਗ

1) ਪ੍ਰੋ. ਅੰਕੁਰ ਘੀਕ (ਬੀ.ਐੱਡ, ਐਮ.ਐਸ.ਸੀ, ਸੀ.ਐਸ.ਆਈ.ਆਰ, ਨੈੱਟ, ਜੇ.ਆਰ.ਐਫ)
2) ਪ੍ਰੋ. ਗੁਰਇਕਬਾਲ ਸਿੰਘ (ਐਮ.ਐਸ.ਸੀ, ਸੀ.ਐਸ.ਆਈ.ਆਰ, ਨੈੱਟ, ਜੇ.ਆਰ.ਐਫ)
3) ਪ੍ਰੋ. ਰਿੰਕਲ ('ਐੱਮ.ਐਸ.ਸੀ,'ਐੱਮ.ਫਿਲ)*

## ਅਰਥ ਸ਼ਾਸਤਰ ਵਿਭਾਗ

1) ਪ੍ਰੋ. ਵਿਸ਼ਵਜੀਤ ਸਿੰਘ ('ਐੱਮ.ਏ, ਨੈੱਟ, ਗੇਟ ਕੁਆਲਿਫਾਈਡ)
2) ਪ੍ਰੋ. ਮਨਜੀਤ ਕੌਰ ('ਐੱਮ.ਏ.'ਐੱਮ.ਫਿਲ,ਨੈੱਟ)*

### ਭੌਤਿਕ ਵਿਗਿਆਨ ਵਿਭਾਗ

1) ਪ੍ਰੋ. ਸੁਖਮਨਪ੍ਰੀਤ ਕੌਰ ('ਐੱਮ.ਐਸ.ਸੀ, ਨੈੱਟ, ਜੇ.ਆਰ.ਐਫ, ਸੀ.ਐਸ.ਆਈ.ਆਰ, ਗੇਟ ਕੁਆਲਿਫਾਈਡ)
2) ਡਾ. ਗੀਤਿਕਾ ਸਚਦੇਵਾ ('ਐੱਮ. ਐਸ.ਸੀ, ਸੀ.ਐਸ.ਆਈ.ਆਰ ਨੈੱਟ, ਪੀ.ਐੱਚ.ਡੀ, ਗੇਟ ਕੁਆਲਿਫਾਈਡ)

### ਰਸਾਇਣਿਕ ਵਿਗਿਆਨ ਵਿਭਾਗ

1) ਪ੍ਰੋ. ਗੁਰਮਿੰਦਰ ਕੌਰ (ਐੱਮ.ਐੱਸ.ਸੀ,'ਐੱਮ.ਫਿਲ, ਬੀ.ਐੱਡ, ਨੈੱਟ)
2) ਪ੍ਰੋ. ਦਿਵਿਆ ('ਐੱਮ.ਐਸ.ਸੀ 'ਐੱਮ.ਫਿਲ)*

### ਕੰਪਿਊਟਰ ਸਾਇੰਸ ਵਿਭਾਗ

1) ਪ੍ਰੋ. ਦੀਪਕ ਧਵਨ ('ਐੱਮ.ਟੈੱਕ, ਨੈੱਟ, ਜੇ.ਆਰ.ਐਫ, ਗੇਟ ਕੁਆਲਿਫਾਈਡ)
2) ਪ੍ਰੋ. ਸੌਰਭ ਕੁਮਾਰ ('ਐੱਮ.ਐਸ.ਸੀ, 'ਐੱਮ.ਸੀ.ਏ)*

### ਬੋਟਨੀ ਵਿਭਾਗ

1) ਪ੍ਰੋ. ਚਿਰਾਗ ਵਰਮਾ (ਐੱਮ.ਐਸ.ਸੀ, ਬੀ.ਐੱਡ, ਨੈੱਟ, ਸੀ.ਐਸ.ਆਈ.ਆਰ, ਗੇਟ ਕੁਆਲਿਫਾਈਡ)

### ਲਾਇਬ੍ਰੇਰੀਅਨ

1) ਡਾ. ਰੂਪਇੰਦਰ ਕੌਰ (ਬੀ.ਐਲ.ਆਈ.ਐਸ, ਐਮ.ਐਲ.ਆਈ. ਐਸ, ਨੈੱਟ, ਪੀ.ਐੱਚ.ਡੀ.)
2) ਸ੍ਰੀ ਰਾਕੇਸ਼ ਸਾਹੂ (ਐੱਮ.ਲਿਬ, ਐੱਮ. ਫਿਲ) ਲਾਇਬ੍ਰੇਰੀ ਅਟੈਂਡੰਟ)

### ਐਚ.ਈ.ਆਈ.ਐਸ. ਵਿਭਾਗ

1) ਪ੍ਰੋ. ਵਰੀਨਾ ਰਾਣੀ ('ਐੱਮ.ਐੱਸ.ਸੀ, ਆਈ.ਟੀ, ਨੈੱਟ)***
2) ਪ੍ਰੋ. ਈਸ਼ਾ ('ਐੱਮ.ਐੱਸ.ਸੀ, ਆਈ.ਟੀ, ਐੱਮ.ਸੀ.ਏ, ਬੀ.ਐੱਡ)***
3) ਪ੍ਰੋ. ਸ਼ਵੇਤਾ ('ਐੱਮ.ਐੱਸ.ਸੀ, ਆਈ.ਟੀ)***

**ਉਪਰੋਕਤ ਦਰਸਾਏ**

| | |
|---|---|
| * | **ਗੈਸਟ ਫੈਕਲਟੀ ਲੈਕਚਰਾਰ ਦੇ ਤੌਰ 'ਤੇ ਪੜ੍ਹਾ ਰਹੇ ਹਨ।** |
| ** | **ਪਾਰਟ ਟਾਇਮ ਲੈਕਚਰਾਰ ਦੇ ਤੌਰ 'ਤੇ ਪੜ੍ਹਾ ਰਹੇ ਹਨ।** |
| *** | **HEIS ਫੰਡ ਅਧੀਨ ਪੜ੍ਹਾ ਰਹੇ ਹਨ।** |

# ਨਾਨ ਟੀਚਿੰਗ ਸਟਾਫ ਸੂਚੀ

**ਕਾਲਜ ਬਰਸਰ :-** ਪ੍ਰੋ. ਗੁਰਮਿੰਦਰ ਕੌਰ

**ਪੀ.ਟੀ.ਏ. ਬਰਸਰ :-** ਪ੍ਰੋ. ਅੰਕੁਰ ਘੀਕ

## ਦਫਤਰੀ ਅਮਲਾ

### ਸੁਪਰਡੈਂਟ

1) ਖਾਲੀ

### ਜੂਨੀਅਰ ਸਹਾਇਕ/ ਕਲਰਕ

1) ਸ਼੍ਰੀ. ਰਾਜੇਸ਼ ਕਟਾਰੀਆ
2) ਸ਼੍ਰੀ. ਵੈਦਿਕ ਗਾਬਾ
3) ਸ਼੍ਰੀ. ਪੰਕਜਵੀਰ

## ਲੈਬੋਰਟਰੀ ਸਟਾਫ

### ਐਸ.ਐਲ.ਏ

1) ਸ਼੍ਰੀ ਗੁਰਪ੍ਰੀਤ ਸਿੰਘ
2) ਖਾਲੀ

### ਜੇ.ਐਲ.ਏ. (ਸਾਇੰਸ)

1) ਖਾਲੀ
2) ਖਾਲੀ
3) ਖਾਲੀ
4) ਖਾਲੀ
5) ਖਾਲੀ
6) ਖਾਲੀ

### ਐਲ.ਏ

1) ਖਾਲੀ

### ਲਾਇਬ੍ਰੇਰੀ ਅਟੈਂਡੈਂਟ

1) ਖਾਲੀ 2) ਖਾਲੀ

### ਲੀਗਲ ਕਲਰਕ

1) ਖਾਲੀ

### ਸਟੈਨੋਗ੍ਰਾਫਰ

1) ਮਿਸ- ਸਰਬਜੀਤ ਕੌਰ

### ਦਰਜਾ ਚਾਰ (ਸੇਵਾਦਾਰ)

1) ਖਾਲੀ
2) ਖਾਲੀ

### ਵਾਟਰਮੈਨ

1) ਖਾਲੀ

### ਸਫਾਈ ਸੇਵਕ

1) ਸ਼੍ਰੀ ਵਿੱਕੀ ਕੁਮਾਰ
2) ਖਾਲੀ

### ਕਲੀਨਰ

1) ਖਾਲੀ

### ਚੌਕੀਦਾਰ

1) ਖਾਲੀ

### ਬੇਲਦਾਰ

1) ਖਾਲੀ

### ਮਾਲੀ

1) ਖਾਲੀ

# ਦਾਖਲੇ ਦੇ ਨਿਯਮ

1) ਕੇਵਲ ਆਨਲਾਈਨ ਅਪਲਾਈ ਕਰਨ ਨਾਲ਼ ਹੀ ਉਮੀਦਵਾਰ ਦਾਖਲੇ ਦਾ ਹੱਕਦਾਰ ਨਹੀਂ ਬਣ ਜਾਂਦਾ।

2) ਦਾਖਲਾ ਫਾਰਮ ਭਰਨ ਤੋਂ ਪਹਿਲਾਂ ਉਮੀਦਵਾਰ ਪ੍ਰਾਸਪੈਕਟਸ ਕਾਲਜ ਦੀ ਵੈੱਬ ਸਾਈਟ ਤੋਂ ਧਿਆਨ ਨਾਲ਼ ਪੜ੍ਹ ਲੈਣ।

3) ਆਰਟਸ, ਸਾਇੰਸ ਅਤੇ B.C.A ਗਰੁੱਪਾਂ ਵਿੱਚ ਦਾਖਲੇ ਲਈ ਵੱਖੋ-ਵੱਖ ਆਨਲਾਈਨ ਫਾਰਮ ਭਰਨੇ ਪੈਣਗੇ।ਇੱਕ ਗਰੁੱਪ ਲਈ ਭਰੇ ਗਏ ਦਾਖਲਾ ਫਾਰਮ ਨੂੰ ਦੂਸਰੇ ਗਰੁੱਪ ਵਿੱਚ ਦਾਖਲੇ ਲਈ ਨਹੀਂ ਵਰਤਿਆ ਜਾ ਸਕਦਾ।

4) ਯੂਨੀਵਰਸਿਟੀ ਵੱਲੋਂ ਰੱਦ ਕੀਤੇ ਗਏ ਦਾਖਲੇ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।

5) ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਫਾਰਮ ਪ੍ਰਵਾਨ ਨਹੀਂ ਕੀਤੇ ਜਾਣਗੇ।

6) ਅਧੂਰੇ ਭਰੇ ਹੋਏ ਫਾਰਮ ਰੱਦ ਕਰ ਦਿੱਤੇ ਜਾਣਗੇ।

7) ਦਾਖਲਾ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ।

8) ਮੈਰਿਟ ਪਹਿਲਾਂ ਪਾਸ ਕੀਤੇ ਇਮਤਿਹਾਨ ਵਿਚੋਂ ਪ੍ਰਾਪਤ ਕੀਤੇ ਗਏ ਨੰਬਰਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ।

9) ਫੇਲ ਵਿਦਿਆਰਥੀ ਦਾਖਲ ਨਹੀਂ ਕੀਤੇ ਜਾਣਗੇ।

10) ਦੋ ਸਾਲ ਤੋਂ ਵੱਧ ਗੈਪ ਕੇਸ ਵਾਲੇ ਵਿਦਿਆਰਥੀਆਂ ਦਾ ਦਾਖਲਾ, ਦਾਖਲਾ ਕਮੇਟੀ ਦੀ ਜਸਟੀਫਿਕੇਸ਼ਨ ਉਪਰੰਤ ਪ੍ਰਿੰਸੀਪਲ ਦੀ ਪ੍ਰਵਾਨਗੀ ਤੇ ਹੀ ਕੀਤਾ ਜਾਵੇਗਾ।ਦੋ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਦਾ ਦਾਖਲਾ ਵਿਦਿਆਰਥੀ ਵੱਲੋਂ ਗੈਪ ਦਾ ਕਾਰਨ ਦੱਸਦੇ ਹੋਏ ਸਵੈ-ਘੋਸ਼ਣਾ ਦੇਣ ਤੇ ਹੀ ਕੀਤਾ ਜਾਵੇਗਾ।

11) ਕਾਲਜ ਦੇ ਡੀਟੇਨ ਕੀਤੇ ਗਏ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲੇਗਾ।

12) ਕਾਲਜ ਦੇ ਬਲੈਕ ਲਿਸਟ ਜਾਂ ਮਾੜੇ ਆਚਰਣ ਵਾਲੇਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲੇਗਾ।

13) ਕਾਲਜ ਦੇ ਘਰੇਲੂਇਮਤਿਹਾਨਾਂ ਵਿਚ ਦੋ ਵਾਰ ਨਕਲ ਕਰਦੇ ਪਾਏ ਗਏ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲੇਗਾ।

14) ਬੀ.ਏ. ਭਾਗ ਦੂਜਾ ਤੇ ਤੀਜਾ ਦੀ ਸ਼੍ਰੇਣੀ ਵਿੱਚ ਦਾਖਲਾ ਕੇਵਲ ਸਾਲ 2024-25 ਦੇ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਦਾ ਹੀ ਕੀਤਾ ਜਾਵੇਗਾ। ਜੇਕਰ ਕਿਸੇ ਹਾਲਤ ਵਿੱਚ ਕੋਈ ਤਬਦੀਲੀ ਹੁੰਦੀ ਹੈ ਤਾਂ ਉਹ ਕਾਲਜ ਕੌਂਸਲ ਦੀ ਸਿਫਾਰਿਸ਼ ਉਪਰੰਤ ਹੀ ਵਿਚਾਰਿਆ ਜਾਵੇਗਾ।

15) ਯੂਨੀਵਰਸਿਟੀ ਜਾਂ ਬੋਰਡ ਵੱਲੋਂ ਅਯੋਗ ਠਹਿਰਾਏ ਗਏ ਉਮੀਦਵਾਰਾਂ ਨੂੰ ਦਾਖਲ ਨਹੀਂ ਕੀਤਾ ਜਾਵੇਗਾ।

16) ਰਾਖਵੀਂ ਸੀਟ ਤੇ ਦਾਖਲਾ ਲੈਣ ਲਈ ਦਾਖਲਾ ਫਾਰਮ ਵਿੱਚ ਰਾਖਵੀਂ ਸ਼੍ਰੇਣੀ ਨਾ ਲਿਖਣ ਅਤੇ ਸਮਰੱਥ ਅਧਿਕਾਰੀ ਦਾ ਸਰਟੀਫਿਕੇਟ ਨਾਲ਼ ਨੱਥੀ ਨਾ ਕਰਨ ਤੇ ਉਮੀਦਵਾਰ ਨੂੰ ਰਾਖਵੀਂ ਸੀਟ ਦਾ ਲਾਭ ਨਹੀਂ ਮਿਲੇਗਾ।

17) ਆਨਲਾਈਨ ਫਾਰਮ ਭਰਨ ਤੋਂ ਬਾਅਦ ਰਾਖਵਾਂਕਰਨ ਦਾ ਦਾਅਵਾ ਮਨਜ਼ੂਰ ਨਹੀ ਕੀਤਾ ਜਾਵੇਗਾ।

18) ਦਾਖਲਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਉਸ ਸਮੇਂ ਸਾਰੀ ਫੀਸ/ਫੰਡ ਜਮ੍ਹਾ ਕਰਾਉਣੇ ਪੈਣਗੇ ਨਹੀਂ ਤਾਂ ਉਸ ਦਾ ਦਾਖਲਾ ਰੱਦ ਕਰਕੇ ਉਸ ਦੀ ਥਾਂ ਤੇ ਅਗਲੇ ਵਿਦਿਆਰਥੀ ਨੂੰ ਦਾਖਲ ਕਰ ਲਿਆ ਜਾਵੇਗਾ।

19) ਪ੍ਰਿੰਸੀਪਲ ਲੋੜ ਪੈਣ ਤੇ ਦਾਖਲੇ ਦੇ ਨਿਯਮਾਂ ਵਿੱਚ ਤਬਦੀਲੀ ਕਰ ਸਕਦਾ ਹੈ।

20) ਦਾਖਲਾ ਫਾਰਮ ਵਿੱਚ ਦਰਸਾਈ ਗਈ ਸੂਚਨਾ ਗਲਤ ਪਾਏ ਜਾਣ ਤੇ ਉਮੀਦਵਾਰ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ੇਤੋਂ ਲਈ ਗਈ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

21) ਦਾਖਲੇ ਸਬੰਧੀ ਕੋਈ ਵੀ ਸੂਚਨਾਂ ਕਾਲਜ ਦੀ ਵੈੱਬਸਾਈਟ ਅਤੇ ਕਾਲਜ ਦੇ ਨੋਟਿਸ ਬੋਰਡ ਉੱਤੇ ਲਗਾਈ ਜਾਵੇਗੀ।

22) ਦਾਖਲਾ ਆਰਜੀ ਤੌਰ ਤੇ ਕੀਤਾ ਜਾਂਦਾ ਹੈ। ਯੂਨੀਵਰਸਿਟੀ/ਪ੍ਰਿੰਸੀਪਲ ਦੁਆਰਾ ਗਲਤ ਪਾਏ ਜਾਣ ਤੇ ਵਿਦਿਆਰਥੀ ਦਾ ਦਾਖਲਾ ਕਿਸੇ ਸਮੇਂ ਵੀ ਰੱਦ ਕੀਤਾ ਜਾ ਸਕਦਾ ਹੈ।

23) ਦਾਖਲ ਹੋਇਆ ਵਿਦਿਆਰਥੀ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀਂ ਲੈ ਸਕਦਾ ਅਤੇ ਨਾ ਹੀ ਨੌਕਰੀ ਕਰ ਸਕਦਾ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

24) ਕਾਲਜ ਦੇ ਅਧਿਆਪਕਾਂ ਤੇ ਕਰਮਚਾਰੀਆਂ ਦੇ ਬੱਚਿਆਂ (ਬੇਟਾ ਜਾਂ ਬੇਟੀ), ਜੇ ਉਹ ਯੂਨੀਵਰਸਿਟੀ ਵੱਲੋਂ ਨਿਰਧਾਰਤ ਦਾਖਲੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ।

25) ਕਾਲਜ ਵਿਚ ਰੈਗਿੰਗ ਤੇ ਰੋਕ ਹੈ।ਜੇਕਰ ਕੋਈ ਵਿਦਿਆਰਥੀ ਰੈਗਿੰਗ ਕਰਦਾ ਫੜਿਆ ਗਿਆ ਤਾਂ ਉਸ ਨੂੰ ਸਜਾ ਦਿੱਤੀ ਜਾਵੇਗੀ ਅਤੇ ਕਾਲਜ ਵਿੱਚੋ ਕੱਢ ਦਿੱਤਾ ਜਾਵੇਗਾ।

26) ਰੀ-ਵੈਲਿਊਏਸ਼ਨ ਦੇ ਨਤੀਜੇ ਜੋ ਕਿ 31ਦਿਸੰਬਰ ਤੋਂ ਬਾਅਦ ਘੋਸ਼ਿਤ ਕੀਤੇ ਜਾਣ, ਉਨ੍ਹਾਂ ਦੀ ਦੇਰੀ ਦੇ ਕਾਰਨ ਬਾਰੇ ਵਾਈਸਚਾਂਸਲਰ ਨੂੰ ਦੱਸਿਆ ਜਾਵੇ। ਵਾਈਸ ਚਾਂਸਲਰ ਹੀ ਉਨ੍ਹਾਂ ਦੇ ਦਾਖਲੇ ਦੀ ਇਜਾਜਤ ਦੇ ਸਕਦਾ ਹੈ ਅਤੇ ਸਿੰਡੀਕੇਟ ਉਸ ਦੀ ਪ੍ਰਵਾਨਗੀ ਕਰੇਗੀ। ਵਿਦਿਆਰਥੀ ਨੂੰ ਹੱਕ ਹੋਵੇਗਾ ਕਿ ਉਹ ਵਾਈਸ ਚਾਂਸਲਰ ਨੂੰ ਅਗਲੀ ਕਲਾਸ ਵਿੱਚ ਦਾਖਲੇ ਲਈ ਬੇਨਤੀ ਕਰ ਸਕਦਾ ਹੈ।

## ਦਾਖਲਾ ਫਾਰਮ ਨਾਲ਼ ਲੱਗਣ ਵਾਲੇ ਦਸਤਾਵੇਜ਼

ਦਾਖਲਾ ਫਾਰਮ ਨਾਲ਼ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਤਸਦੀਕ ਸ਼ੁਦਾ ਨਕਲਾਂ ਅਪਲੋਡ ਕਰਨੀਆਂ ਜ਼ਰੂਰੀ ਹਨ। ਫਾਰਮ ਜਮ੍ਹਾਂ ਕਰਾਉਣ ਦੀ ਆਖਰੀ ਮਿਤੀ ਤੋਂ ਬਾਅਦ ਫਾਰਮ ਨਾਲ਼ ਕੋਈ ਵੀ ਦਸਤਾਵੇਜ਼ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੋਵੇਗੀ। ਦਾਖਲੇ ਸਮੇਂ ਵਿਦਿਆਰਥੀ ਦੀ ਕੈਟਾਗਰੀ ਤਬਦੀਲ ਨਹੀਂ ਕੀਤੀ ਜਾਵੇਗੀ।

ਉਮੀਦਵਾਰ ਦਾਖਲਾ ਫਾਰਮ ਵਿੱਚ ਆਪਣੇ ਅਤੇ ਮਾਤਾ-ਪਿਤਾ ਦੇ ਨਾਮ ਦੇ ਸ਼ਬਦ ਜੋੜ (Spelling) ਉਹੀ ਲਿਖੇਗਾ ਜੋ ਉਸਦੇ ਪਹਿਲਾਂ ਪਾਸ ਕੀਤੀ ਜਮਾਤ ਦੇ ਸਰਟੀਫੀਕੇਟ ਵਿੱਚ ਦਰਜ ਹਨ।

## ਫਾਰਮ ਨਾਲ਼ ਹੇਠ ਲਿਖੇ ਦਸਤਾਵੇਜ ਲਗਾਏ ਜਾਣ-

1) ਜਨਮ ਮਿਤੀ ਦਾ ਸਰਟੀਫਿਕੇਟ (ਮੈਟ੍ਰਿਕ ਜਾਂ +2 ਦਾ ਸਰਟੀਫਿਕੇਟ)

2) ਹੇਠਲੀਆਂ ਜਮਾਤਾਂ ਦੇ ਨਤੀਜਾ ਕਾਰਡ ਜਾਂ ਸਰਟੀਫਿਕੇਟ (ਸਵੈ-ਤਸਦੀਕ)

3) ਪਿਛਲੀ ਸੰਸਥਾ ਤੋਂ ਪ੍ਰਾਪਤ ਆਚਰਣ ਸਰਟੀਫਿਕੇਟ (ਪ੍ਰਾਈਵੇਟ ਉਮੀਦਵਾਰ ਗਜ਼ਟਿਡ ਅਫਸਰ/ਪਿੰਡ ਦਾ ਸਰਪੰਚ/ 'ਐੱਮ.ਸੀ. ਦੁਆਰਾ ਜਾਰੀ ਕੀਤਾ ਆਚਰਨ ਸਰਟੀਫਿਕੇਟ)

4) ਜੇਕਰ ਪੜ੍ਹਾਈ ਦੌਰਾਨ ਕਿਸੇ ਕਿਸਮ ਦਾ ਗੈਪ ਹੈ ਤਾਂ ਉਸਦੇ ਕਾਰਨਾਂ ਸੰਬੰਧੀ ਐਫੀਡੈਵਿਟ ਦੇ ਰੂਪ ਵਿੱਚ ਸਵੈ-ਘੋਸ਼ਣਾ ਪੱਤਰ ਦਿੱਤਾ ਜਾਵੇ।

5) ਬਲੱਡ ਗਰੁੱਪ ਦਾ ਡਾਕਟਰੀ ਸਰਟੀਫਿਕੇਟ।

6) ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਦਾ ਜਾਤੀ ਸਰਟੀਫਿਕੇਟ।

7) SC/BC ਵਿਦਿਆਰਥੀ ਦਾ ਆਮਦਨ ਸਰਟੀਫਿਕੇਟ (ਜਿਸ ਵਿਦਿਆਰਥੀ ਦੇ ਮਾਪਿਆਂ/ਸਰਪ੍ਰਸਤ ਦੀ ਕੁੱਲ ਪਰਿਵਾਰਕ ਸਲਾਨਾ ਆਮਦਨ 2.5 ਲੱਖ ਤੋਂ ਵੱਧ ਨਾ ਹੋਵੇ।)

8) ਦੋ ਪਾਸਪੋਰਟ ਸਾਇਜ਼ ਫੋਟੋ।

ਨੋਟ- ਇੰਟਰਵਿਊ ਵਾਲੇ ਦਿਨ ਵਿਦਿਆਰਥੀ ਲੋੜੀਦੇਂ ਸਾਰੇ ਅਸਲ ਦਸਤਾਵੇਜ ਅਤੇ ਪਹੁੰਚ ਰਸੀਦ ਨਾਲ਼ ਲੈ ਕੇ ਆਉਣਗੇ।

# ਕਾਲਜ ਵਿੱਚ ਉਪਲੱਬਧ ਕੋਰਸਜ਼ ਅਤੇ ਸੀਟਾਂ ਦਾ ਵੇਰਵਾ

**ਕਾਲਜ ਵਿੱਚ ਦਾਖਲੇ ਲਈ ਉਪਲੱਬਧ ਕੋਰਸਜ਼ ਅਤੇ ਸੀਟਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ**

| ਅੰਡਰ ਗ੍ਰੈਜੁਏਟ ਕੋਰਸ | (Undergraduate Course) | ਸੀਟਾਂ (Seats) |
|---|---|---|
| ਬੀ.ਏ. ਭਾਗ - I | **B.A Part – I** | **1000** |
| ਬੀ.ਏ. ਭਾਗ - II | **B.A Part – II** | **1000** |
| ਬੀ.ਏ. ਭਾਗ - III | **B.A Part – III** | **1000** |
| ਬੀ.ਐੱਸ.ਸੀ (ਨਾਨ ਮੈਡੀਕਲ) ਭਾਗ - I | **B.Sc (Non Medical) Part – I** | **40** |
| ਬੀ.ਐੱਸ.ਸੀ (ਨਾਨ ਮੈਡੀਕਲ) ਭਾਗ - II | **B.Sc (Non Medical) Part – II** | **40** |
| ਬੀ.ਐੱਸ.ਸੀ (ਨਾਨ ਮੈਡੀਕਲ) ਭਾਗ - III | **B.Sc (Non Medical) Part – III** | **40** |
| ਬੀ.ਸੀ.ਏ. ਭਾਗ - I | **B.C.A Part – I** | **40** |
| ਬੀ.ਸੀ.ਏ. ਭਾਗ - II | **B.C.A Part – II** | **40** |
| ਬੀ.ਸੀ.ਏ. ਭਾਗ - III | **B.C.A Part – III** | **40** |

## ਰਾਖਵੀਆਂ ਸੀਟਾਂ

1) SC 25%
2) BC/OBC 5%
3) Border Area/Backward Area (2% each) 4%
4) Sports person 2%
5) Wards of Political Sufferers/Freedom Fighters (This will also include the wards of those who have undergone and aggregate of at least three months of imprisonment in connection with Emergency/Punjabi Suba or Dharam Yudh Morcha for the demands of the State of Punjab) 2%

   In case of UT Chandigarh 2% reservation be considered for the Children/Grand Children of Freedom Fighters only
6) Physical Handicapped/disabled persons i.e 3%
   a) Blind 1%
   b) Deaf & Dumb 1%
   c) Other handicapped 1%

   (If suitable candidate are not available in any one of these sub-categories of disabled candidates or are not found suitable for the particular course, the seats, so available will be filled up by the candidates from the other sub-categories of disabled candidates.)
7) Children/widows of defence personal killed or disabled to the extent of 50% or more in action. wards of gallantry awardees, ex-servicemen & children of serving defence personnel ex-service men. 2 %
8) Children/widows of para-military forces personnel, Punjab Police, PAP and Punjab Home Guards killed or disabled in action to the extent to 50% or more, ex-paramilitary forces personnel and children of serving paramilitary forces personnel ex-paramilitary forces personnel. 2%
9) November, 1984 riot affected displaced person, children of Army deserters killed 100% physically disabled, the children of families of persons killed as a result of terrorist Violence or by Security Forces acting in aid of civil power and the children of innocent civilians who have sustained 100% disability in terrorist violence or during operation by security forces acting in aid of civil power. 2%
10) Widows/Divorced women (children) 2%

   6. Wards of Teachers/employees of the Dept of Education 2%

The Senate (P.U. Chd.) at its meeting held on 08-12-2007 Para II (4) has decided as under:

1. An additional seat for the single girl child for admission to a given course in the Panjab University and its affiliated colleges provided she is otherwise eligible from all angles. This benefit is also extended to one of the girls of a couple having two girls only.
2. An additional seat for the cancer and AIDS patient for admission to a given course in the Punjab University and its affiliated colleges provided he/she is otherwise eligible.

However, it is clarified that the concession is not available in the case of candidates who are seeking admission to the next higher class on the basis of having earned compartment in 10+2 examination i.e. neither in the subject of compartment nor in the aggregate.

## ਰਾਖਵੀਆਂ ਸੀਟਾਂ ਲਈ ਵਿਸ਼ੇਸ਼ ਹਦਾਇਤਾਂ :

1) ਜਾਤੀ ਸਰਟੀਫੀਕੇਟ ਲਗਾਉਣਾ ਜ਼ਰੂਰੀ ਹੈ। ਪਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ 800000/- ਰੁਪਏ ਤੋਂ ਘੱਟ ਹੈ, ਕੇਵਲ ਉਹਨਾਂ ਨੂੰ ਹੀ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਰੀਨਿਊਡ/ਨਵਾਂ ਆਮਦਨ ਸਰਟੀਫੀਕੇਟ ਦੇਣਾ ਜ਼ਰੂਰੀ ਹੈ।
2) ਜਾਤੀ ਸਰਟੀਫੀਕੇਟ ਅਤੇ ਆਮਦਨ ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਵੀਜ਼ਨਲ ਮੈਜਿਸਟਰੇਟ/ਕਾਰਜਕਾਰੀ ਮੈਜਿਸਟਰੇਟ/ਫਸਟ ਕਲਾਸ ਮੈਜਿਸਟਰੇਟ/ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ। ਆਮਦਨ ਸਰਟੀਫੀਕੇਟ ਉਪਰੋਕਤ ਅਧਿਕਾਰੀਆਂ ਦੁਆਰਾ ਤਸਦੀਕ ਸ਼ੁਦਾ ਵੀ ਹੋ ਸਕਦਾ ਹੈ।
3) ਬੀ.ਐਸ.ਐਫ./ਆਰਮਡਫੋਰਸਜ/ਸੀ.ਆਰ.ਪੀ.ਐੱਫ ਵਿੱਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ਼ ਸਬੰਧਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜਰੂਰੀ ਹੈ।
4) ਸਪੋਰਟਸ ਕੋਟੇ ਵਿਚ ਕੇਵਲ ਉਹਨਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ ਘੱਟ ਜਿਲ੍ਹੇ/ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਉਹਨਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਆਧਾਰ ਤੇ ਬਣਾਈ ਜਾਵੇਗੀ।
5) ਖਿਡਾਰੀਆਂ ਦਾ ਦਾਖਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ 'ਤੇ ਟੈਸਟ ਲੈ ਕੇ ਪਰਖਣ ਉਪਰੰਤ ਕੀਤਾ ਜਾਂਦਾ ਹੈ। ਉਹ ਖਿਡਾਰੀ ਦਾਖਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਣ। ਇਹਨਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਖੇਡਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ।
6) ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿੱਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖਲਾ ਫਾਰਮ ਨਾਲ਼ ਸਬੰਧਿਤ ਸੰਸਥਾ ਦੇ ਮੁਖੀ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੋਵੇਗਾ।ਹਾਈ ਸਕੂਲ ਦੇ ਮੁਖੀ ਦੇ ਸਰਟੀਫਿਕੇਟ ਦਾ ਡੀ.ਈ.ਓ. ਦੁਆਰਾ ਤਸਦੀਕ ਹੋਣਾ ਜ਼ਰੂਰੀ ਹੈ।
7) ਖਾੜਕੂਆਂ ਹੱਥੋਂ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਨਾਲ਼ ਸਬੰਧਿਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਸ਼ਨਾਖਤੀ ਕਾਰਡ/ ਸਰਟੀਫਿਕੇਟ ਦੀ ਫੋਟੋ ਕਾਪੀ ਲਾਉਣੀ ਜ਼ਰੂਰੀ ਹੈ।
8) ਵਿਦਿਆਰਥੀ ਜਿਨ੍ਹਾਂ ਵਰਗਾਂ ਲਈ ਰਾਖਵੀਂ ਸੀਟ ਦੀ ਸਵੈ-ਇੱਛਾ ਪ੍ਰਗਟ ਕਰਨਗੇ, ਉਹਨਾਂ ਸਬੰਧੀ ਜ਼ਰੂਰੀ ਦਸਤਾਵੇਜ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ। ਭਿੰਨ-ਭਿੰਨ ਵਰਗਾਂ ਲਈ ਵੱਖਰੇ-ਵੱਖਰੇ ਦਾਖਲਾ ਫਾਰਮ ਭਰੇ ਜਾਣ।

## ਵਿਸ਼ਿਆਂ ਦੀ ਚੋਣ

1) ਬੀ.ਏ ਭਾਗ ਪਹਿਲਾ ਵਿੱਚ ਕਿਸੇ ਵੀ ਵਿਸ਼ੇ ਵਿੱਚ ਗਿਣਤੀ ਪੂਰੀ ਹੋ ਜਾਣ ਤੇ ਵਿਦਿਆਰਥੀਆਂ ਨੂੰ ਉਹ ਵਿਸ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
2) ਜੇਕਰ ਕਿਸੇ ਵਿਸ਼ੇ ਨੂੰ ਰੱਖਣ ਵਾਲੇ ਉਮੀਦਵਾਰਾਂ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਉਹ ਵਿਸ਼ਾ ਰੱਖਣ ਲਈ ਵਿਦਿਆਰਥੀਆਂਦੀ ਚੋਣ ਟੈਸਟ ਦੇ ਅਧਾਰ `ਤੇ ਕੀਤੀ ਜਾਵੇਗੀ।
3) ਵਿਦਿਆਰਥੀ ਨੂੰ ਕਾਲਜ ਵੱਲੋਂ ਦਿੱਤੇ/ਪੜ੍ਹਾਏ ਜਾ ਰਹੇ ਵਿਸ਼ਾ ਗਰੁੱਪ ਹੀ ਲੈਣੇ ਪੈਣਗੇ।
4) ਗਲਤ ਵਿਸ਼ਾ ਜੁੱਟ ਭਰਨ ਤੇ ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਕੀਤਾ ਜਾਣ ਵਾਲਾ ਜੁਰਮਾਨਾ ਵਿਦਿਆਰਥੀ ਨੂੰ ਆਪਣੇ ਕੋਲੋਂ ਭਰਨਾ ਪਏਗਾ।

## ਪੜ੍ਹਾਏ ਜਾਣ ਵਾਲੇ ਵਿਸ਼ੇ

ਬੀ.ਏ/ਬੀ.ਐੱਸ.ਸੀ. II ਅਤੇ III ਕਲਾਸਾਂ/ਗਰੁੱਪ ਦੇ ਵਿਦਿਆਰਥੀ ਵਿਸ਼ਾ ਜਾਂ ਗਰੁੱਪ ਨਹੀਂ ਬਦਲ ਸਕਦੇ।

## ਬੀ.ਏ ਭਾਗ ਪਹਿਲਾ (ਆਰਟਸ ਗਰੁੱਪ) ਲਈ ਵਿਸ਼ੇ ਦੀ ਚੋਣ

**ਲਾਜ਼ਮੀ ਵਿਸ਼ੇ**

ੳ) ਅੰਗਰੇਜੀ 2) ਪੰਜਾਬੀ ਜਾਂ ਹਿਸਟਰੀ ਐਂਡ ਕਲਚਰ ਆਫ ਪੰਜਾਬ 3)Environment Education & Road Safety Education Violence against women/children & drug abuse(ਬੀ.ਏ/ਬੀ.ਐੱਸ.ਸੀ. ਪਹਿਲਾ ਸਾਲ)

**ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਤਿੰਨ ਚੋਣਵੇਂ ਵਿਸ਼ੇ ਲਏ ਜਾ ਸਕਦੇ ਹਨ**

1) ਹਿੰਦੀ ਜਾਂ ਪੰਜਾਬੀ

2) Economics (ਅਰਥ-ਸ਼ਾਸਤਰ)

3) ਇਤਿਹਾਸ ਜਾਂ ਗਣਿਤ (10+2ਵਿੱਚ ਗਣਿਤ ਵਿਸ਼ਾ ਜ਼ਰੂਰ ਪਾਸ ਕੀਤਾ ਹੋਵੇ)

4) ਗਣਿਤ ਜਾਂ ਸਰੀਰਕ ਸਿੱਖਿਆ

5) ਭੂਗੋਲ ਜਾਂ ਸਰੀਰਕ ਸਿੱਖਿਆ (ਸਰੀਰਕ ਸਿੱਖਿਆ ਵਿਸ਼ਾ ਉਹੀ ਵਿਦਿਆਰਥੀ ਲੈ ਸਕਦੇ ਹਨ ਜਿਹੜੇ ਫਿਜ਼ੀਕਲੀ ਫਿਟ ਹਨ। ਕਿਸੇ ਫਿਜ਼ੀਕਲੀ ਅਨਫਿਟ ਵਿਦਿਆਰਥੀ ਨੂੰ ਇਹ ਵਿਸ਼ਾ ਨਹੀਂ ਮਿਲੇਗਾ)

6) ਰਾਜਨੀਤੀ ਸ਼ਾਸਤਰ

7) ਕੰਪਿਊਟਰ ਸਾਇੰਸ (ਨੋਟ- ਜੋ ਵਿਦਿਆਰਥੀ ਕੰਪਿਊਟਰ ਵਿਸ਼ਾ ਲੈਣਾ ਚਾਹੁੰਦੇ ਹਨ , ਉਹ ਕੰਪਿਊਟਰ ਸਾਇੰਸ ਦੇ ਨਾਲ ਸਰੀਰਕ ਸਿੱਖਿਆ ਅਤੇ ਰਾਜਨੀਤੀ ਸ਼ਾਸਤਰ ਵਿਸ਼ੇ ਨਹੀਂ ਲੈ ਸਕਦੇ।)

## ਕੌਮੀ ਸਿੱਖਿਆ ਨੀਤੀ-2020 ਤਹਿਤ ਵਿਸ਼ਿਆਂ ਦੀ ਚੋਣ-

ਕੌਮੀ ਸਿੱਖਿਆ ਨੀਤੀ-2020 ਤਹਿਤ VAC (Value Added Courses), SEC (Skill Enhancement Courses), AEC (Ability Enhancement Courses), MDC (Multidisciplinary Course) ਵਿੱਚੋਂ ਵਿਦਿਆਰਥੀ ਆਪਣੀ ਰੁਚੀ, ਸਮਰੱਥਾ ਅਨੁਸਾਰ ਵਿਭਾਗੀ ਨਿਯਮਾਂ ਮੁਤਾਬਕ ਉਪਲਬੱਧ ਵਿਸ਼ਿਆਂ ਵਿੱਚੋਂ ਚੋਣ ਕਰਨਗੇ।

Note-I -B.A. Ist (Comp. Sci. Sub. 40 ਸੀਟਾਂ) Subject to the approval of P.U. Chd.

ਨੋਟ : 1) ਜਿਸ Combination ਵਿਚ 10 ਤੋਂ ਘੱਟ ਵਿਦਿਆਰਥੀ ਹੋਣਗੇ ਉਹਨਾਂ ਨੂੰ Combination ਦੀ ਆਗਿਆ ਨਹੀਂ ਦਿੱਤੀ ਜਾਵੇਗੀ।

2) ਸਮਾਂ ਸੂਚੀ ਵਿੱਚ ਕਿਸੇ ਕਿਸਮ ਦਾ ਵਿਘਨ ਪੈਣ ਜਾਂ ਔਕੜ ਆਉਣ ਤੇ ਪ੍ਰਿੰਸੀਪਲ ਨੂੰ ਵਿਸ਼ੇ ਤਬਦੀਲੀ ਦਾ ਪੂਰਨ ਅਧਿਕਾਰ ਹੋਵੇਗਾ।

## ਬੀ.ਐੱਸ.ਸੀ. ਨਾਨ-ਮੈਡੀਕਲ (40 ਸੀਟਾਂ)

ਲਾਜ਼ਮੀ ਵਿਸ਼ਿਆਂ ਤੋਂ ਇਲਾਵਾ

1) ਭੌਤਿਕ ਵਿਗਿਆਨ (ਫਿਜਿਕਸ)2) ਰਸਾਇਣਿਕ ਵਿਗਿਆਨ (ਕਮਿਸਟਰੀ) 3) ਹਿਸਾਬ (ਮੈਥ)

ਨੋਟ :- ਇਹ ਵਿਸ਼ੇ ਬੀ.ਐੱਸ.ਸੀ. ਭਾਗ-I ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵੱਲੋਂ ਹੇਠਲੀ ਜਮਾਤ ਵਿੱਚੋਂ ਪਾਸੇ ਕੀਤੇ ਹੋਣੇ ਚਾਹੀਦੇ ਹਨ।ਗਣਿਤ ਰੱਖਣ ਵਾਲੇ ਵਿਦਿਆਰਥੀ ਨੂੰ +2 ਕਲਾਸ ਵਿੱਚ ਗਣਿਤ ਪਾਸ ਕੀਤਾ ਹੋਣਾ ਲਾਜ਼ਮੀ ਹੈ।

ਨੋਟ : ਉਪਰੋਕਤ ਵਿਸ਼ਿਆਂ ਤੋਂ ਇਲਾਵਾ ਕੋਈ ਵੀ ਵਿਦਿਆਰਥੀ ਵਿਅਕਤੀਗਤ ਤੌਰ ਤੇ ਕੋਈ ਵਿਸ਼ਾ ਨਹੀਂ ਰੱਖ ਸਕਦਾ। ਜਿਸਦੀ ਪੜ੍ਹਾਈ ਕਾਲਜ ਵਿੱਚ ਨਾ ਕਰਵਾਈ ਜਾਂਦੀ ਹੋਵੇ।

## Skill Based Courses (By Jagat Guru Nanak Dev Punjab State Open University).

(i) Certificate in Creative Writing and Content Development. (Duration 6 Months)
(ii) Certificate/ Diploma in Software Development and Programming. (Duration 6 Months/ 1 Year)

## SELF FINANCE COURSES:-

### Bachelor of Computer Applications (Three Year Degree Course)

#### Eligibility:

A person who has passed the following examination shall be eligible to join the first year class of BCA Course:

a) +2 examinations in any discipline with at least 50% marks.
b) Having passed Matriculation examination with Mathematics as one of the subjects. Admission to BCA Part I shall be according to the merit and guidelines issued by Punjab University.

The Candidate selected for BCA course shall have to deposit his/her full fee immediately at the time of admission failing his/her seat shall be offered to the candidate next in waiting list.

Admission to BCA Part-II/BCA-III shall be opened to a candidate who has passed BCA I an examination of the Punjab University from this or any other college.

Fees Concession:

Vide Punjab Govt. (DPI Colleges) letter No. 15/19-2007 )c) Edu.-(1) 656-711 dt. 15-03-2010 for Border & Backward area college is For Girls 50% (Except University Fee and Charges), For Boys 30% (Except University Fee and Charges)

#### Seats:

(i) B.C.A. Ist 40 Seats (Subject to the approval of P.U. Chd.), (ii) B.C.A. IInd 40 Seats (Subject to the approval of P.U, Chd.), (iii) B.C.A. IIIrd 40 Seats (Subject to the approval of P.U, Chd.) Reserve Seats: One extra seat for cancer patient, single girl child, and special weightage for a person who appear in computer science in +1 and +2 level.

#### College Computer Lab:

The college has well equipped and fully furnished computer department having a large number of latest computers Hardware and software to cater to the needs or the student at college level. It is also connected with internet and the students are allowed to use these facilities at their convenience under the guidance of qualified staff.

1) Computer Department has three fully furnished Microsoft Certified labs. Each lab is equipped with latest technology computers with multimedia, powered through individual UPS, and all computers working on LAN, Internet Facility is available to the students.
2) Seminars are arranged in the department by teachers and also by students on the current trends and evolution of IT. Many times experts from the industry and faculty from the Universities are also invited to deliver lectures to the students with a view to provide the latest and practical knowledge to the students.
3) Computer Department has its own collection of very good books related to the syllabus and General knowledge. A large number of Magazines like Linux, chipset, and other periodical are subscribed and are made available to the students to enable them to have a glimpse of the latest technologies emerging in the IT World.
4) Computer science society is formed for the welfare and betterment of the students. Teacher and students contribute Rs. 100/- to this society fund.

## ਵਿਸ਼ਾ ਬਦਲੀ (Change of Subject)

1) ਕੋਈ ਵੀ ਵਿਸ਼ਾ/ਗਰੁੱਪ ਪ੍ਰਿੰਸੀਪਲ ਦੀ ਆਗਿਆ ਤੋਂ ਬਿਨਾਂ ਨਹੀਂ ਬਦਲਿਆ ਜਾ ਸਕਦਾ।

2) ਬੀ.ਏ. ਭਾਗ-। ਦਾ ਵਿਦਿਆਰਥੀ ਦਾਖਲੇ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਵਿਸ਼ਾ ਬਦਲੀ ਲਈ ਬੇਨਤੀ ਕਰ ਸਕਦਾ ਹੈ। ਵਿਸ਼ਾ ਤਾਂ ਹੀ ਬਦਲਿਆ ਜਾਵੇਗਾ ਜੇਕਰ ਉਸ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਲੋੜ ਹੋਵੇ। ਉਸ ਦੇ ਲੈਕਚਰ ਵਿਸ਼ਾ ਬਦਲਣ ਦੀ ਮਿਤੀ ਤੋਂ ਗਿਣੇ ਜਾਣਗੇ।

3) ਖਾਸ ਹਾਲਤਾਂ ਵਿੱਚ ਵਿਸ਼ਾ ਜਾਂ ਗਰੁੱਪ ਬਦਲੀ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾ ਸਕਦਾ ਹੈ।

4) ਵਿਸ਼ਾ ਬਦਲੀ ਦੀ ਆਗਿਆ ਸਬੰਧਿਤ ਵਿਸ਼ੇ ਦੀ ਕਲਾਸ ਦੀ ਕੁੱਲ ਸੰਖਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਦਿੱਤੀ ਜਾਵੇਗੀ।

5) ਜਦੋਂ ਤੱਕ ਪ੍ਰਿੰਸੀਪਲ ਦੀ ਆਗਿਆ ਨਾਲ਼ ਵਿਸ਼ਾ ਬਦਲੀ ਦਾ ਨੋਟਿਸ ਨਹੀਂ ਲੱਗ ਜਾਂਦਾ ਉਦੋਂ ਤੱਕ ਵਿਸ਼ਾ ਬਦਲਿਆ ਗਿਆ ਨਾ ਸਮਝਿਆ ਜਾਵੇ ਅਤੇ ਵਿਦਿਆਰਥੀ ਉਦੋਂ ਤੱਕ ਪਹਿਲੇ ਵਿਸ਼ੇ ਦੀਆਂ ਕਲਾਸਾਂ ਹੀ ਲਾਉਂਦਾ ਰਹੇ।

6) ਸਾਇੰਸ ਵਿੱਚ ਦਾਖਲ ਹੋਏ ਵਿਦਿਆਰਥੀ ਵਿਸ਼ਾ/ਫੈਕਲਟੀ ਨਹੀਂ ਬਦਲ ਸਕਦੇ।

## ਫੀਸ ਮੁਆਫੀ

1) ਕੇਵਲ ਗਰੀਬ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਦੀ ਫੀਸ ਮੁਆਫ ਕੀਤੀ ਜਾਵੇਗੀ।

2) ਫੇਲ ਹੋਏ ਜਾਂ ਰੀਅਪੀਅਰ ਜਾਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਦੀ ਫੀਸ ਮੁਆਫੀ ਨਹੀਂ ਹੋਵੇਗੀ।

3) ਘਰੇਲੂ ਇਮਤਿਹਾਨ ਵਿੱਚੋਂ ਗੈਰ ਹਾਜ਼ਰ ਜਾਂ ਫੇਲ ਹੋਣ ਦੀ ਸੂਰਤ ਵਿੱਚ ਫੀਸ ਮੁਆਫੀ ਦੀ ਸਹੂਲਤ ਬੰਦ ਕਰ ਦਿੱਤੀ ਜਾਵੇਗੀ।

## ਵਜ਼ੀਫੇ

1) ਰਾਸ਼ਟਰੀ ਵਜ਼ੀਫ਼ਾ (National Scholarship Scheme)

2) ਸਟੇਟ ਗੌਰਮਿੰਟ ਮੈਰਿਟ ਵਜੀਫੇ (State Govt. Merit Scholarship)

3) ਅਧਿਆਪਕਾਂ ਦੇ ਬੱਚਿਆਂ ਲਈ ਰਾਸ਼ਟਰੀ ਵਜ਼ੀਫ਼ਾ (National Scholarship for Teaching Children)

4) ਨਾਨ-ਹਿੰਦੀ ਸਪੀਕਿੰਗ ਰਾਜਾਂ ਲਈ ਵਜੀਫੇ (Non-Hindi Speaking State Scholarship)

5) ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਲਈ ਵਜੀਫੇ (Scholarship to Schedule Class/Tribes, Backward Class and Lower income Group Students)

6) ਸੋਲਜ਼ਰ ਬੋਰਡ ਵੱਲੋ ਵਜ਼ੀਫੇ

7) ਯੂਨੀਵਰਸਿਟੀ ਸਕਾਲਰਸ਼ਿਪ

8) ਦੀਵਾਨ ਸੋਮਨਾਥ/ਪ੍ਰੇਮ ਕੌਰ ਸਕਾਲਰਸ਼ਿਪ

**ਵਜ਼ੀਫੇ ਲਈ ਯੋਗ ਵਿਦਿਆਰਥੀ ਲੋੜੀਂਦੀ ਜਾਣਕਾਰੀ ਅਤੇ ਫਾਰਮ ਲੈਣ ਲਈ ਦਫ਼ਤਰ ਨਾਲ਼ ਸੰਪਰਕ ਕਰਨ।**

ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਦਾਖਲਾ ਲੈਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਦਫ਼ਤਰ ਤੋਂ ਵਜ਼ੀਫ਼ਾ ਫਾਰਮ ਪ੍ਰਾਪਤ ਕਰਕੇ ਹਰ ਪੱਖੋਂ ਮੁਕੰਮਲ ਕਰਕੇ ਦਫ਼ਤਰ ਵਿੱਚ ਜਮ੍ਹਾ ਕਰਾ ਦੇਣ।ਨਿਸ਼ਚਿਤ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।

## ਜ਼ਰੂਰੀ ਹਦਾਇਤਾਂ

1) ਕਾਲਜ ਵਿੱਚ ਵਿਦਿਆਰਥੀ ਕਾਲਜ ਦਾ ਅਨੁਸ਼ਾਸਨ ਕਾਇਮ ਰੱਖਣ ਅਤੇ ਕਾਲਜ ਦੇ ਨਿਯਮਾਂ ਅਤੇ ਹੁਕਮਾਂ ਦੀ ਪਾਲਣਾ ਕਰਨ।

2) ਵਿਦਿਆਰਥੀ ਕਾਲਜ ਤੋਂ ਬਾਹਰਲੇ ਵਿਦਿਆਰਥੀਆਂ ਨੂੰ ਕਾਲਜ ਅੰਦਰ ਨਾ ਆਉਣ ਦੇਣ। ਜੇਕਰ ਕੋਈ ਬਾਹਰਲਾ ਅਨਸਰ ਕਾਲਜ ਅੰਦਰ ਦਾਖਲ ਹੋ ਜਾਵੇ ਤਾਂ ਉਸ ਦੀ ਸੂਚਨਾ ਤੁਰੰਤ ਕਾਲਜ ਦਫ਼ਤਰ/ਕਿਸੇ ਪ੍ਰੋਫ਼ੈਸਰ ਸਾਹਿਬ ਜਾਂ ਅਨੁਸ਼ਾਸਨ ਕਮੇਟੀ ਨੂੰ ਦੇਣ।

3) ਬਾਹਰਲੇ ਅਨਸਰਾਂ ਨੂੰ ਪੁਲਿਸ ਦੇ ਹਵਾਲੇ ਕੀਤਾ ਜਾਵੇਗਾ।

4) ਬਾਹਰਲੇ ਅਨਸਰਾਂ ਨੂੰ ਆਪਣੇ ਨਾਲ਼ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ।

5) ਵਿਦਿਆਰਥੀ ਆਪਣਾ ਸ਼ਨਾਖ਼ਤੀ ਕਾਰਡ ਹਰ ਸਮੇਂ ਆਪਣੇ ਕੋਲ ਰੱਖਣ। ਜਿਸ ਵਿਦਿਆਰਥੀ ਕੋਲ ਸ਼ਨਾਖਤੀ ਕਾਰਡ ਨਹੀਂ ਹੋਵੇਗਾ, ਉਸਨੂੰ ਜੁਰਮਾਨਾ ਕੀਤਾ ਜਾਵੇਗਾ।

6) ਸ਼ਨਾਖ਼ਤੀ ਕਾਰਡ ਤੋਂ ਬਿਨਾਂ ਵਿਦਿਆਰਥੀਆਂ ਨੂੰ ਘਰੇਲੂ ਪ੍ਰੀਖਿਆਵਾਂ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ।

7) ਵਿਦਿਆਰਥੀ ਖਾਲੀ ਪੀਰੀਅਡ ਸਮੇਂ ਕਾਲਜ ਦੇ ਬਰਾਂਡਿਆ/ਕਮਰਿਆਂ ਦੇ ਸਾਹਮਣੇ ਨਾ ਖਲੋਣ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

8) ਵਾਰ-ਵਾਰ ਕਾਲਜ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

9) ਸਮੇਂ ਸਿਰ ਕਾਲਜ ਪਹੁੰਚਣ ਦੀ ਜ਼ਿੰਮੇਦਾਰੀ ਵਿਦਿਆਰਥੀ ਦੀ ਆਪਣੀ ਹੈ। ਵਿਦਿਆਰਥੀ ਆਪਣੀ ਸਹੂਲਤ ਦੇਖਕੇ ਕਾਲਜ ਵਿੱਚ ਦਾਖਲਾ ਲੈਣ। ਕਾਲਜ ਵੱਲੋਂ ਸਮੇਂ ਦੀ ਪਾਬੰਦੀ ਵਿੱਚ ਰਿਆਇਤ ਨਹੀਂ ਦਿੱਤੀ ਜਾਵੇਗੀ।

10) ਵਿਦਿਆਰਥੀਆਂ ਲਈ ਲੋੜੀਂਦੀ ਸੂਚਨਾ ਕਾਲਜ ਨੋਟਿਸ ਬੋਰਡ ਜਾਂ ਕਾਲਜ ਦੀ ਵੈੱਬ ਸਾਇਟ ਤੇ ਦਿੱਤੀ ਜਾਵੇਗੀ। ਕਾਲਜ ਅਜਿਹੀ ਸੂਚਨਾ ਵਿਦਿਆਰਥੀਆਂ ਦੇ ਘਰ ਤੱਕ ਪਹੁਚਾਣ ਲਈ ਪਾਬੰਦ ਨਹੀਂ ਹੋਵੇਗਾ।

11) ਵਿਦਿਆਰਥੀਆਂ ਦੇ ਮਾਪੇ ਸਮੇਂ ਸਮੇਂ ਕਾਲਜ ਆ ਕੇ ਆਪਣੇ ਬੱਚਿਆਂ ਬਾਰੇ ਲੋੜੀਂਦੀ ਜਾਣਕਾਰੀ ਲੈਂਦੇ ਰਿਹਾ ਕਰਨ। ਵਿਦਿਆਰਥੀਆਂ ਵਲੋਂ ਮਾਪਿਆਂ ਨੂੰ ਹਨੇਰੇ ਵਿੱਚ ਰੱਖਣ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।

12) ਜੇਕਰ ਕੋਈ ਵਿਦਿਆਰਥੀ ਨੋਟਿਸ ਬੋਰਡ ਤੇ ਲਗਾਈ ਗਈ ਸੂਚਨਾ ਸਮੇਂ ਸਿਰ ਨੋਟ ਨਹੀਂ ਕਰਦਾ ਤਾਂ ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।

13) ਵਿਦਿਆਰਥੀ ਖਾਸ ਖਿਆਲ ਰੱਖਣ ਕਿ ਨੋਟਿਸ ਬੋਰਡ ਤੇ ਲਗਾਇਆ ਗਿਆ ਨੋਟਿਸ ਨਾ ਪਾੜਿਆ ਜਾਵੇ।

14) ਜੇਕਰ ਕੋਈ ਵਿਦਿਆਰਥੀ ਨੋਟਿਸ ਪਾੜਦਾ ਫੜਿਆ ਗਿਆ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ।

15) ਕੋਈ ਵੀ ਵਿਦਿਆਰਥੀ ਸੜਕ ਛੱਡ ਕੇ ਕਾਲਜ ਦੇ ਪਲਾਟਾਂ ਵਿੱਚੋਂ ਲੰਘਣ ਦੀ ਗ਼ਲਤੀ ਨਾ ਕਰੇ। ਗ਼ਲਤੀ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

16) ਕਲਾਸ ਵਿੱਚ ਪ੍ਰੋਫ਼ੈਸਰ ਸਾਹਿਬਾਨ ਅਤੇ ਬਾਕੀ ਸਟਾਫ ਨਾਲ਼ ਮਾੜਾ ਵਿਹਾਰ ਕਰਨ ਵਾਲੇ ਵਿਦਿਆਰਥੀ ਨੂੰ ਜ਼ੁਰਮਾਨਾ ਕੀਤਾ ਜਾਵੇਗਾ।

17) ਕਾਲਜ ਵਿੱਚ ਗੈਰ-ਸੱਭਿਅਕ ਪਹਿਰਾਵਾ ਪਾਉਣ ਅਤੇ ਮੰਦਾ ਬੋਲਣ ਦੀ ਮਨਾਹੀ ਹੈ।

18) ਕੋਈ ਵਿਦਿਆਰਥੀ ਪ੍ਰਿੰਸੀਪਲ ਦੀ ਮਨਜ਼ੂਰੀ ਤੋਂ ਬਿਨਾਂ ਨੋਟਿਸ ਬੋਰਡ ਤੇ ਕੋਈ ਨੋਟਿਸ ਨਾ ਲਗਾਏ। ਇਸ ਹੁਕਮਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀ/ਅਨਸਰਾਂ ਨੂੰ ਜੁਰਮਾਨਾ ਕੀਤਾ ਜਾਵੇਗਾ।

19) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਮੁਤਾਬਿਕ ਵਿੱਦਿਅਕ ਅਦਾਰਿਆਂ ਵਿੱਚ ਰੈਗਿੰਗ 'ਤੇ ਪੂਰਨ ਤੌਰ ਤੇ ਪਾਬੰਦੀ ਹੈ।ਇਹ ਹੁਕਮ ਨਾ ਮੰਨ ਕੇ ਅਵੱਗਿਆ ਕਰਨ ਵਾਲੇ ਵਿਦਿਆਰਥੀਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਹਾਜ਼ਰੀ

1) ਪ੍ਰੋਫ਼ੈਸਰ ਸਾਹਿਬਾਨ ਰੋਜ਼ਾਨਾ ਆਪਣੀਆਂ ਕਲਾਸਾਂ ਦੀ ਹਾਜ਼ਰੀ ਲੈਣਗੇ।

2) ਵਿਦਿਆਰਥੀ ਹਰ ਹਫਤੇ ਆਪਣੇ ਸੰਬੰਧਿਤ ਪ੍ਰੋਫ਼ੈਸਰ ਸਾਹਿਬਾਨ ਕੋਲੋਂ ਆਪਣੀਆਂ ਹਾਜ਼ਰੀਆਂ ਬਾਰੇ ਪਤਾ ਕਰਦੇ ਰਹਿਣ। ਸੈਸ਼ਨ ਦੇ ਅਖੀਰ ਵਿੱਚ ਆਕੇ ਲੈਕਚਰਾਂ ਦੀ ਘਾਟ ਬਾਰੇ ਵਿਦਿਆਰਥੀਆਂ ਦੀ ਕੋਈ ਸ਼ਿਕਾਇਤ ਨਹੀਂ ਸੁਣੀ ਜਾਵੇਗੀ।

3) ਵਿਦਿਆਰਥੀ ਕਲਾਸ ਵਿੱਚ ਆਪਣੀ ਹਾਜ਼ਰੀ ਦਾ ਖੁਦ ਖਿਆਲ ਰੱਖਣ। ਸਮੇਂ ਸਿਰ ਹਾਜ਼ਰੀ ਨਾ ਬੋਲ ਕੇ ਗੈਰ ਹਾਜ਼ਰੀ ਲਗਵਾਉਣ ਦੀ ਕੁੱਲ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।

4) ਵਿਦਿਆਰਥੀ ਕਾਲਜ ਵਿਖੇ ਬਾਕੀ ਵਿਸ਼ਿਆਂ ਦੀ ਕਲਾਸਾਂ ਤਾਂ ਲਗਤਾਰ ਲਗਾਉਂਦੇ ਨੇ ਪਰ ਆਪਣੀ ਬੱਸ ਜਾਂ ਰੇਲ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ, ਆਪਣੇ ਘਰੇਲੂ ਹਾਲਾਤ ਦੇ ਮੱਦੇ ਨਜ਼ਰ ਜਾਂ ਮਨਮਰਜੀ ਨਾਲ ਕਿਸੇ ਇਕ ਵਿਸ਼ੇ ਦਾ ਪੀਰੀਅਡ ਲਗਾਏ ਬਿਨਾ ਹੀ ਕਾਲਜ ਤੋ ਚਲੇ ਜਾਂਦੇ ਹਨ। ਉਸ ਵਿਸ਼ੇ ਦੇ ਲੈਕਚਰਾਂ ਦੀ ਘਾਟ ਨੂੰ ਇਸ ਲਈ ਪੂਰਾ ਨਹੀਂ ਕੀਤਾ ਜਾਵੇਗਾ ਕਿ ਉਹ ਵਿਦਿਆਰਥੀ ਬਾਕੀ ਵਿਸ਼ਿਆਂ ਵਿੱਚ ਹਾਜ਼ਰ ਰਿਹਾ ਹੈ।

5) ਵਿਦਿਆਰਥੀ ਦੇ ਮਾਂ ਬਾਪ/ਸਰਪਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਬਾਰੇ, ਉਨ੍ਹਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਨ੍ਹਾਂ ਦੀ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਖੁਦ ਸਮੇਂ-ਸਮੇਂ ਪਤਾ ਕਰਦੇ ਰਹਿਣ। ਕਾਲਜ ਵਿਦਿਆਰਥੀ ਦੀ ਕਿਸੇ ਵੀ ਅਣਗਹਿਲੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

6) ਜੇਕਰ ਕਿਸੇ ਪੀਰੀਅਡ ਵਿੱਚ ਵਿਦਿਆਰਥੀ ਦਾ ਰੋਲ ਨੰਬਰ ਨਹੀਂ ਬੋਲਿਆ ਜਾਂਦਾ ਤਾਂ ਉਹ ਵਿਦਿਆਰਥੀ ਉਸ ਸਮੇਂ ਆਪਣੇ ਪ੍ਰੋਫ਼ੈਸਰ ਸਾਹਿਬ ਤੋਂ ਇਸ ਬਾਰੇ ਪਤਾ ਕਰੇ ਜਾਂ ਦਫ਼ਤਰ ਨਾਲ ਸੰਪਰਕ ਕਰੇ।

7) ਜੇਕਰ ਕੋਈ ਵਿਦਿਆਰਥੀ ਸੈਸ਼ਨ ਦੇ ਆਖਰ ਵਿੱਚ ਅਜਿਹੇ ਮਾਮਲੇ (ਰੋਲ ਨੰਬਰ ਨਾ ਬੋਲਣਾ ਜਾਂ ਗੈਰ ਹਾਜ਼ਰ ਹੋਣਾ) ਪ੍ਰਿੰਸੀਪਲ ਦੇ ਧਿਆਨ ਵਿੱਚ ਲਿਆਉਂਦੇ ਹਨ ਤਾਂ ਉਨ੍ਹਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

8) ਯੂਨੀਵਰਸਿਟੀ ਨਿਯਮਾਂ ਅਨੁਸਾਰ ਹਰ ਵਿਦਿਆਰਥੀ ਲਈ ਲੈਕਚਰਾਂ ਅਤੇ ਪ੍ਰੈਕਟੀਕਲਾਂ ਵਿੱਚ 75% ਹਾਜ਼ਰੀਆਂ ਜਰੂਰੀ ਹਨ।

## 1) Internal Assessment

10% Internal Assessment will be calculated on the proposed formula in order to maintain uniformity in calculating the internal assessment in under graduate semester classes by all the affiliated colleges, teaching department &regional centers of the Punjab University etc.

1. Class test 5%
2. Academic Activities (Seminar, Project & Assignments) 3%
3. Attendance 2%

## ਛੁੱਟੀ ਦੇ ਨਿਯਮ

1) ਵਿਦਿਆਰਥੀ ਛੁੱਟੀ ਲਈ ਨਿਸ਼ਚਿਤ ਫਾਰਮ ਤੇ ਦਰਖਾਸਤ ਦੇਣ।

2) ਵਿਦਿਆਰਥੀ ਪਹਿਲਾਂ ਛੁੱਟੀ ਮਨਜੂਰ ਕਰਾ ਕੇ ਜਾਵੇ।

3) ਵਿਦਿਆਰਥੀ ਵੱਲੋਂ ਛੁੱਟੀ ਕੱਟ ਕੇ ਆਉਣ ਬਾਅਦ ਦਿੱਤੀ ਗਈ ਅਰਜ਼ੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

4) ਛੁੱਟੀ ਭਾਵੇਂ ਆਮ ਹੋਵੇ ਅਤੇ ਭਾਵੇਂ ਬੀਮਾਰੀ ਦੀ ਇਸ ਸਮੇਂ ਦੌਰਾਨ ਵਿਦਿਆਰਥੀ ਕਾਲਜ ਵਿਚ ਗੈਰ ਹਾਜ਼ਰ ਗਿਣਿਆ ਜਾਵੇਗਾ।

5) ਛੁੱਟੀ ਸਮੇਂ ਲੱਗੀ ਗੈਰ ਹਾਜ਼ਰੀ ਦਾ ਕੇਵਲ ਜੁਰਮਾਨਾ ਹੀ ਮੁਆਫ ਕੀਤਾ ਜਾਵੇਗਾ ਹੋਰ ਕੋਈ ਸਹੂਲਤ ਨਹੀਂ ਮਿਲੇਗੀ।

6) ਮਨਜੂਰ ਕਰਵਾਈ ਗਈ ਛੁੱਟੀ ਸਮੇਂ ਲੱਗੀਆਂ ਗੈਰ ਹਾਜ਼ਰੀਆ, ਗੈਰ ਹਾਜ਼ਰੀਆਂ ਹੀ ਗਿਣੀਆਂ ਜਾਣਗੀਆਂ। ਇਨ੍ਹਾਂ ਦੀ ਥਾਂ ਤੇ ਵਿਦਿਆਰਥੀ ਨੂੰ ਹਾਜ਼ਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

7) ਮਨਜੂਰ ਕਰਵਾਈ ਗਈ ਛੁੱਟੀ ਦਾ ਲੈਕਚਰਾਂ ਦੀ ਘਾਟ ਸਮੇਂ ਕੋਈ ਲਾਭ ਨਹੀਂ ਮਿਲੇਗਾ।

8) ਜੇਕਰ ਵਿਦਿਆਰਥੀ ਛੁੱਟੀ ਦੇ ਸਮੇਂ ਦੌਰਾਨ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਤੋਂ ਰਹਿ ਜਾਂਦਾ ਹੈ ਤਾਂ ਉਹ ਹੋਣ ਵਾਲੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

9) ਮੈਡੀਕਲ ਲੀਵ ਘਰੇਲੂ ਟੈਸਟ ਹੋਣ ਤੋਂ ਪਹਿਲਾ ਕਾਲਜ ਵਿੱਚ ਪਹੁੰਚਣੀ ਚਾਹੀਦੀ ਹੈ। ਬਾਅਦ ਵਿੱਚ ਆਈ ਅਰਜ਼ੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

10) ਘਰੇਲੂ ਪ੍ਰੀਖਿਆਵਾਂ ਵਿੱਚ ਛੁੱਟੀ ਤੇ ਰਹਿਣ ਵਾਲੇ ਵਿਦਿਆਰਥੀ ਨੂੰ ਸਪੈਸ਼ਲ ਟੈਸਟ ਦੇਣਾ ਪਵੇਗਾ। ਛੁੱਟੀ ਕਾਰਣ ਦੱਸ ਕੇ ਐਮਰਜੈਂਸੀ ਹਾਲਾਤ ਵਿੱਚ ਰਜਿਸਟਰਾਰ ਘਰੇਲੂ ਪ੍ਰੀਖਿਆਵਾਂ ਤੋਂ ਮੰਜ਼ੂਰ ਕਰਵਾਉਣ ਉਪਰੰਤ ਹੀ ਮਿਲ ਸਕੇਗੀ।

## ਸਾਈਕਲਸ਼ੈਡ

1) ਕਾਲਜ ਵਿੱਚ ਲੜਕੇ ਅਤੇ ਲੜਕੀਆਂ ਲਈ ਅਲੱਗ ਅਲੱਗ ਸਾਈਕਲ ਸ਼ੈਡ ਬਣਾਏ ਗਏ ਹਨ।

2) ਲੜਕੇ ਆਪਣੇ ਸਾਈਕਲ/ਸਕੂਟਰ/ਮੋਟਰ ਸਾਈਕਲ/ਕਾਰ ਆਦਿ ਵਾਹਨ ਲੜਕਿਆਂ ਵਾਲੇ ਸਾਈਕਲ ਸ਼ੈਡ ਵਿੱਚ ਰੱਖਣਗੇ ਅਤੇ ਲੜਕੀਆਂ ਆਪਣੇ ਵਾਹਨ ਲੜਕੀਆਂ ਵਾਲੇ ਸਾਈਕਲ ਸ਼ੈਡ ਵਿੱਚ ਰੱਖਣਗੀਆਂ।

3) ਕੋਈ ਵੀ ਵਿਦਿਆਰਥੀ ਆਪਣਾ ਵਾਹਨ ਗੇਟ ਦੇ ਸਾਹਮਣੇ ਖੜਾ ਨਹੀਂ ਕਰੇਗਾ। ਅਜਿਹਾ ਕਰਨ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

4) ਜਿਹੜਾ ਵਿਦਿਆਰਥੀ ਸਾਈਕਲ ਸ਼ੈਡ ਵਿੱਚ ਤਰਤੀਬਵਾਰ ਜਾਂ ਸਹੀ ਥਾਂ ਤੇ ਆਪਣਾ ਵਾਹਨ ਖੜਾ ਨਹੀਂ ਕਰਦਾ ਉਸਨੂੰ ਜੁਰਮਾਨਾ ਕੀਤਾ ਜਾਵੇਗਾ।

5) ਜਿਹੜਾ ਵਿਦਿਆਰਥੀ ਕਾਲਜ ਸਮੇਂ ਵਿੱਚ ਆਪਣਾ ਵਾਹਨ ਸਾਈਕਲ ਸ਼ੈਡ ਵਿੱਚੋਂ ਨਹੀਂ ਕੱਢੇਗਾ ਉਸਨੂੰ ਜੁਰਮਾਨਾ ਕੀਤਾ ਜਾਵੇਗਾ।

6) ਕਾਲਜ ਸਮੇਂ ਤੋਂ ਬਾਅਦ ਕਿਸੇ ਵਾਹਨ ਦੀ ਕਾਲਜ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

7) ਸਮੇਂ ਸਿਰ ਵਾਹਨ ਨਾ ਲਿਜਾਣ ਤੇ ਜੇਕਰ ਵਾਹਨ ਚੋਰੀ ਹੋ ਜਾਂਦਾ ਹੈ ਤਾਂ ਉਸ ਲਈ ਕਾਲਜ ਜਿੰਮੇਵਾਰ ਨਹੀਂ ਹੋਵੇਗਾ।

8) ਜਿਹੜਾ ਵਿਦਿਆਰਥੀ ਬਣਦੀ ਫੀਸ ਭਰੇ ਬਿਨਾਂ ਆਪਣਾ ਵਾਹਨ ਸਾਈਕਲ ਸ਼ੈਡ ਵਿੱਚ ਖੜਾ ਕਰੇਗਾ, ਉਸਨੂੰ ਫੀਸ ਤੋਂ ਇਲਾਵਾ ਜੁਰਮਾਨਾ ਵੀ ਕੀਤਾ ਜਾਵੇਗਾ।

9) ਮਸ਼ੀਨੀ ਵਾਹਨ ਚਲਾਉਣ ਵਾਲੇ ਵਿਦਿਆਰਥੀ ਕੋਲ ਡਰਾਈਵਿੰਗ ਲਾਇਸੰਸ ਹੋਣਾ ਲਾਜ਼ਮੀ ਹੈ।

## ਸ਼ਨਾਖਤੀ ਕਾਰਡ (Identity Cum library Card)

1) ਕਾਲਜ ਵਿੱਚ ਦਾਖਲ ਹੋਇਆ ਹਰ ਵਿਦਿਆਰਥੀ ਲਾਇਬਰੇਰੀਅਨ ਨੂੰ ਇੱਕ ਪਾਸਪੋਰਟ ਸਾਇਜ ਫੋਟੋ ਅਤੇ ਦਾਖਲੇ ਦੀ ਅਸਲ ਰਸੀਦ ਦੇ ਕੇ ਆਪਣਾ ਸ਼ਨਾਖਤੀ ਕਾਰਡ ਬਣਵਾਏਗਾ ਜੋ ਕਿ ਲੋੜ ਪੈਣ ਤੇ ਕਿਸੇ ਵੀ ਸਮੇਂ ਮੰਗਣ ਤੇ ਦਿਖਾਇਆ ਜਾ ਸਕੇ।

2) ਸ਼ਨਾਖਤੀ ਕਾਰਡ ਗੁਆਚਣ ਦੀ ਹਾਲਤ ਵਿੱਚ ਰਿਪੋਰਟ ਪੁਲਿਸ ਥਾਣੇ ਵਿੱਚ ਦਰਜ ਕਰਾਉਣੀ ਹੋਵੇਗੀ ਤੇ ਇਸ ਤੋਂ ਬਾਅਦ ਲਾਇਬ੍ਰੇਰੀਅਨ/ਟਿਊਟਰ ਨੂੰ ਸੂਚਿਤ ਕਰਨਾ ਪਵੇਗਾ ਅਤੇ ਨਵਾਂ ਦੂਜਾ ਕਾਰਡ 50 ਰੁਪਏ ਦਫ਼ਤਰ ਵਿੱਚ ਦੁਬਾਰਾ ਜੁਰਮਾਨੇ ਵਜੋਂ ਜਮ੍ਹਾਂ ਕਰਾਉਣ ਤੇ ਹੀ ਦਿੱਤਾ ਜਾਵੇਗਾ।

3) ਰੋਲ ਨੰਬਰ ਲੈਣ ਸਮੇਂ ਜਾਂ ਕਾਲਜ ਛੱਡਣ ਸਮੇਂ ਸ਼ਨਾਖਤੀ ਕਾਰਡ ਲਾਇਬਰੇਰੀ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

## ਨਾਮ ਕੱਟੇ ਜਾਣ ਸਬੰਧੀ ਨਿਯਮ (General Rules)

1) ਜਿਹੜੇ ਵਿਦਿਆਰਥੀ ਬਿਨਾਂ ਛੁੱਟੀ ਸੱਤ ਦਿਨ ਲਗਾਤਾਰ ਗ਼ੈਰ ਹਾਜ਼ਰ ਰਹਿਣਗੇ ਜਾਂ ਨਿਯਤ ਮਿਤੀਆਂ ਵਿੱਚ ਫ਼ੀਸਾਂ ਨਹੀਂ ਭਰਨਗੇ ਉਹਨਾਂ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ। ਅਜਿਹੀ ਹਾਲਤ ਵਿੱਚ ਮਾਪਿਆਂ ਨੂੰ ਨਾਲ਼ ਲਿਆ ਕੇ ਅਤੇ ਪ੍ਰਿੰਸੀਪਲ ਤੋਂ ਆਗਿਆ ਮਿਲਣ ਤੇ ਹੀ ਦੁਬਾਰਾ ਦਾਖਲਾ ਮਿਲ ਸਕੇਗਾ।

2) ਇਕ ਵਾਰ ਕਾਲਜ ਵਿੱਚ ਦਾਖਲ ਹੋਣ ਤੋਂ ਬਾਅਦ ਜਾਂ ਨਾਂ ਕੱਟਣ ਜਾਂ ਕਾਲਜ ਛੱਡਣ ਤੇ ਕੋਈ ਫੀਸ ਵਾਪਸ ਨਹੀਂ ਦਿੱਤੀ ਜਾਵੇਗੀ।

3) ਜੇ ਕਿਸੇ ਵਿਦਿਆਰਥੀ ਦਾ ਚਾਲ-ਚਲਣ/ਵਿਵਹਾਰ ਠੀਕ ਨਹੀਂ ਹੋਵੇਗਾ ਤਾਂ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ।

4) ਬਿਨਾਂ ਆਗਿਆ ਕਾਲਜ ਵਿਚੋਂ ਗੈਰ ਹਾਜ਼ਰ ਰਹਿਣ ਤੇ 50 ਪੈਸੇ ਪ੍ਰਤੀ ਪੀਰੀਅਡ ਅਤੇ 1 ਰੁਪਈਆ ਪ੍ਰਤੀ ਦਿਨ ਜੁਰਮਾਨਾ ਲੱਗੇਗਾ।

### ਲਾਇਬਰੇਰੀ ਅਤੇ ਰੀਡਿੰਗ ਰੂਮ :-

ਕਾਲਜ ਵਿੱਚ ਇਕ ਵੱਡੀ ਲਾਇਬਰੇਰੀ ਹੈ ਜਿਸ ਵਿੱਚ ਲਗਭਗ 26000 ਪੁਸਤਕਾਂ ਹਨ। ਇਸ ਵਿੱਚ ਬੁਕ ਬੈਂਕ ਦੀਆਂ 5400 ਕਿਤਾਬਾਂ ਵੀ ਸ਼ਾਮਲ ਹਨ। ਲਾਇਬਰੇਰੀ ਦੇ ਰੀਡਿੰਗ ਰੂਮ ਲਈ 8 ਅਖਬਾਰਾਂ, 4 ਹਫਤਾਵਰੀ ਰਸਾਲੇ, 6 ਪੰਦਰਾਂ ਰੋਜ਼ਾ ਅਤੇ 11 ਮਾਸਿਕ ਰਸਾਲੇ ਆਉਂਦੇ ਹਨ।

### ਲਾਇਬਰੇਰੀ ਵਿਚ ਕਿਤਾਬਾਂ ਲੈਣ ਦੇ ਨਿਯਮ :-

1) ਹਰ ਵਿਦਿਆਰਥੀ ਨੂੰ ਇਕ ਸਮੇਂ 15 ਦਿਨਾਂ ਲਈ ਵੱਧ ਤੋਂ ਵੱਧ 3 ਪੁਸਤਕਾਂ ਹੀ ਮਿਲ ਸਕਦੀਆਂ ਹਨ।

2) ਲਾਇਬਰੇਰੀ ਰੀਡਿੰਗ ਰੂਮ ਵਿੱਚ ਬੈਠ ਕੇ ਪੜ੍ਹਨ ਦਾ ਵੀ ਪ੍ਰਬੰਧ ਹੈ।

## ਹੋਰ ਜਾਣਕਾਰੀ

### 1) ਟਿਊਟੋਰੀਅਲ ਗਰੁੱਪ

1) ਵਿਦਿਆਰਥੀ ਦੇ ਜੀਵਨ ਹਾਲਾਤ ਤੇ ਉਸ ਦੀਆਂ ਗਤੀਵਿਧੀਆਂ ਨੂੰ ਸਮਝਣ ਅਤੇ ਅਗਵਾਈ ਦੇਣ ਲਈ ਟਿਊਟੋਰੀਅਲ ਗਰੁੱਪਾਂ ਦੀਆਂ ਬੈਠਕਾਂ ਬੁਲਾਈਆਂ ਜਾਂਦੀਆਂ ਹਨ। ਗਰੁੱਪ ਵਿੱਚ ਵਿਦਿਆਰਥੀ ਦੀ ਉੱਨਤੀ, ਭਲਾਈ ਅਤੇ ਕਾਰਗੁਜਾਰੀ ਨੂੰ ਵੇਖਣ ਦਾ ਕੰਮ ਟਿਊਟਰ ਕਰਦਾ ਹੈ।

2) ਟਿਊਟਰੀਅਲ ਗਰੁੱਪ ਦੀ ਮੀਟਿੰਗ ਵਿੱਚ ਹਾਜ਼ਰੀ ਜ਼ਰੂਰੀ ਹੈ।

3) ਛੁੱਟੀ/ਜੁਰਮਾਨਾ ਮੁਆਫੀ ਆਦਿ ਸਬੰਧੀ ਅਰਜ਼ੀਆਂ ਟਿਊਟਰ ਰਾਹੀਂ ਹੀ ਪੇਸ਼ ਕੀਤੀਆਂ ਜਾਣਗੀਆਂ।

4) ਕਿਸੇ ਕਿਸਮ ਦਾ ਪ੍ਰਮਾਣ ਜਾਂ ਪ੍ਰਸ਼ੰਸਾ ਪੱਤਰ ਟਿਊਟਰ ਦੀ ਸਿਫਾਰਿਸ਼ ਤੋਂ ਬਿਨਾਂ ਜਾਰੀ ਨਹੀਂ ਹੋਵੇਗਾ।

5) ਟਿਊਟਰ ਦੇ ਛੁੱਟੀ ਤੇ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਲੋੜੀਂਦੀ ਕਾਰਵਾਈ ਕਰਵਾਏਗਾ।

### 2) ਖੇਡਾਂ

ਕਾਲਜ ਵਿਚ ਐਥਲੈਟਿਕਸ, ਚਿੜੀ ਛਿੱਕਾ, ਬਾਸਕਟਬਾਲ, ਕ੍ਰਿਕੇਟ, ਫ਼ੁੱਟਬਾਲ, ਹੈਂਡਬਾਲ, ਕੁਸ਼ਤੀ, ਹਾਕੀ, ਕਬੱਡੀ, ਖੋ-ਖੋ, ਮੁਕੇਬਾਜੀ, ਟੇਬਲ ਟੈਨਿਸ, ਵਾਲੀਬਾਲ, ਭਾਰ ਚੁੱਕਣਾ ਅਤੇ ਬਾਡੀ ਬਿਲਡਿੰਗ ਆਦਿ ਖੇਡਾਂ ਦਾ ਪ੍ਰਬੰਧ ਹੈ।

ਕਾਲਜ ਵਿੱਚ ਵਿਸ਼ਾਲ ਅਤੇ ਖੁੱਲੇ ਮੈਦਾਨ ਹਨ ਅਤੇ ਇਕ ਮਿਆਰੀ ਅਣਛਤਿਆ ਸਟੇਡੀਅਮ ਹੈ ਜਿਸ ਵਿਚ 400 ਮੀਟਰ ਦਾਐਥਲੈਟਿਕਸ ਟਰੈਕ ਅਤੇ ਵੱਖ-ਵੱਖ ਐਥਲੈਟਿਕਸ ਈਵੈਂਟਸ ਲਈ ਲੋੜੀਂਦੀਆਂ ਸਹੂਲਤਾਂ ਵੀ ਹਨ।

## 3) ਐੱਨ.ਐੱਸ.ਐੱਸ (National Service Scheme)

ਰਾਸ਼ਟਰੀ ਸੇਵਾ ਯੋਜਨਾ (N.S.S.) ਭਾਰਤ ਸਰਕਾਰ ਦੀ ਇਕ ਅਜਿਹੀ ਸਕੀਮ ਹੈ ਜਿਸਦਾ ਮੰਤਵ ਵਿਦਿਆਰਥੀਆਂ ਨੂੰ ਨਿਸ਼ਕਾਮ ਸੇਵਾ ਲਈ ਤਿਆਰ ਕਰਨਾ ਅਤੇ ਉਹਨਾਂ ਵਿੱਚ ਮਨੁੱਖੀ ਸੇਵਾ ਦੀ ਭਾਵਨਾ ਜਾਗਰਿਤ ਕਰਨਾ ਹੈ। ਕਾਲਜ ਵਿੱਚ ਲੜਕਿਆਂ ਅਤੇ ਲੜਕੀਆਂ ਦੇ 50-50ਵਿਦਿਆਰਥੀਆਂ ਦੇ ਦੋ ਯੂਨਿਟ ਤਿਆਰ ਕੀਤੇ ਜਾਂਦੇ ਹਨ।ਇਹਨਾਂ ਵਿਚੋਂ ਚੁਣੇ ਹੋਏ ਵਿਦਿਆਰਥੀਆਂ ਨੂੰ ਸਾਲ ਵਿੱਚ 10 ਦਿਨਾਂ ਦਾ ਖਾਸ ਕੈਂਪ ਕਿਸੇ ਮਿੱਥੇ ਪਿੰਡ ਵਿੱਚ ਲਾਉਣਾ ਪੈਂਦਾ ਹੈ ਜਿਸਦਾ ਉਹਨਾਂ ਨੂੰ ਸਰਟੀਫਿਕੇਟ ਦਿੱਤਾ ਜਾਂਦਾ ਹੈ। ਇਹ ਸਰਟੀਫਿਕੇਟ ਵਿਦਿਆਰਥੀ ਨੂੰ ਅੱਗੇ ਦਾਖਲਾ ਲੈਣ ਅਤੇ ਨੌਕਰੀ ਲਈ ਸਹਾਈ ਹੁੰਦਾ ਹੈ। ਐੱਨ.ਐੱਸ.ਐੱਸ ਪ੍ਰੋਗਰਾਮ ਅਧੀਨ ਅੱਠ ਘੰਟਿਆਂ ਦੇ ਛੇ ਇਕ ਰੋਜਾ ਕੈਂਪਾਂ ਦਾ ਆਯੋਜਨ ਕੀਤੇ ਜਾਣ ਤੋਂ ਇਲਾਵਾ ਪਿੰਡਾਂ ਵਿਚ ਲਾਇਬ੍ਰੇਰੀਆ ਖੁਲਵਾਉਣਾ, ਕਾਲਜ ਕੈਂਪਸ ਨੂੰ ਸੁੰਦਰ ਬਣਾਉਣਾ, ਹਸਪਤਾਲਾਂ ਵਿਚ ਸੇਵਾ ਕਰਨਾ, ਅਣਪੜ੍ਹਾਂ ਨੂੰ ਸਕੂਲੀ ਸਿਖਿਆ ਲਈ ਪ੍ਰੇਰਿਤ ਕਰਨਾ ਅਤੇਮਾਹਿਰਾਂ ਵੱਲੋਂ ਅਲੱਗ-ਅਲੱਗ ਵਿਸ਼ਿਆ ਤੇ ਲੈਕਚਰ ਕਰਵਾਏ ਜਾਣਾ ਵੀ ਸ਼ਾਮਿਲ ਹੈ।

## 4) ਕਾਲਜ N.C.C.

ਕਾਲਜ ਨੂੰ ਐੱਨ.ਸੀ.ਸੀ. Senior Division ਦੀਆਂ 160 ਸੀਟਾਂ ਮਨਜੂਰ ਹੋਈਆਂ ਹਨ। ਮੌਜੂਦਾ ਸਮੇਂ ਕਾਲਜ ਵਿੱਚ ਐਨ.ਸੀ.ਸੀ. ਸੀਨੀਅਰ ਡਵੀਜਨ ਦੀਆਂ ਲੜਕਿਆਂ ਦੀਆਂ 2 ਯੂਨਿਟਾਂ ਅਤੇ ਲੜਕੀਆਂ ਦੀ 1 ਯੂਨਿਟ ਚੱਲ ਰਹੀ ਹੈ।

## 5) ਕਾਲਜ ਮੈਗਜ਼ੀਨ (College Magazine)

ਕਾਲਜ ਮੈਗਜ਼ੀਨ 'ਦਾ ਫਾਊਨਟੇਨ' ਸਮੁੱਚੇ ਸੈਸ਼ਨ ਦੀਆਂ ਗਤੀਵਿਧੀਆਂ ਦਾ ਇਕ ਸਥਾਈ ਫੀਚਰ ਹੈ।ਇਹ ਸਾਲ ਵਿੱਚ ਇੱਕ ਵਾਰ ਪ੍ਰਕਾਸ਼ਿਤ ਹੁੰਦਾ ਹੈ। ਵਿਦਵਾਨ ਅਧਿਆਪਕਾਂ ਦੀ ਅਗਵਾਈ ਵਿੱਚ ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਸਬੰਧੀ, ਸਿੱਖਿਆਦਾਇਕ ਅਤੇਸਾਹਿਤਕ ਰਚਨਾਵਾਂ ਰਾਹੀਂ ਇਸ ਵਿਚ ਆਪਣਾ ਹਿੱਸਾ ਪਾਉਦੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਸਾਹਿਤਕ ਰੁਚੀਆਂ ਨੂੰ ਪ੍ਰਫੁੱਲਤ ਕਰਨ ਲਈ ਸੰਬੰਧਤ ਅਧਿਆਪਕਾਂ ਨਾਲ਼ ਸੰਪਰਕ ਕਰਦੇ ਰਹਿਣ।

## 6) ਸੱਭਿਆਚਾਰਕ ਗਤੀਵਿਧੀਆਂ, ਯੁਵਕ ਅਤੇ ਹੈਰੀਟੇਜ਼ ਮੇਲੇ

ਪੰਜਾਬ ਸਰਕਾਰ ਦੀ ਯੁਵਕ ਭਲਾਈ ਸਕੀਮ ਦੇ ਅਧੀਨ ਇਸ ਕਾਲਜ ਵਿੱਚ ਯੁਵਕ ਭਲਾਈ ਯੋਜਨਾ ਵਿਭਾਗ ਆਰੰਭ ਕੀਤਾ ਗਿਆ ਹੈ।ਇਸ ਵਿੱਚ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਲਈ ਅਤੇ ਉਹਨਾਂ ਨੂੰ ਆਪਣੇ ਸੱਭਿਆਚਾਰ ਨਾਲ਼ ਜੋੜਨ ਲਈ ਸੱਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਵਿਦਿਆਰਥੀ ਨੂੰ ਗਿੱਧਾ, ਭੰਗੜਾ, ਗੀਤ-ਸੰਗੀਤ, ਵਾਰ ਗਾਇਨ, ਕਵੀਸ਼ਰੀ, ਨਕਲਾਂ, ਨਾਟਕ ਕਲਾ, ਕੋਰੀਓਗ੍ਰਾਫੀ ਆਦਿ ਦੀ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਇਆ ਜਾਂਦਾ ਹੈ । ਯੂਨੀਵਰਸਿਟੀ ਵੱਲੋਂ ਕਰਵਾਏ ਜਾਂਦੇ ਯੁਵਕ ਮੇਲੇ ਅਤੇ ਵਿਰਾਸਤ ਮੇਲੇ ਲਈ ਕਾਲਜ ਵਿੱਚ ਵੱਖ-ਵੱਖ ਬੌਧਿਕ, ਕਲਾਤਮਕ ਗਤੀਵਿਧੀਆਂ ਲਈ ਪ੍ਰਤੀਭਾ ਚੋਣ ਪ੍ਰਤੀਯੋਗਤਾ ਰਾਹੀਂ ਖੋਜ ਕੇ ਸਮੂਹ ਸਟਾਫ ਦੁਆਰਾ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰਤੀਯੋਗਤਾਵਾਂ ਲਈ ਤਿਆਰ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੀ ਡੀਬੇਟ, ਕਵਿਤਾ ਉਚਾਰਨ, ਕਹਾਣੀ ਰਚਨਾਂ, ਲੇਖ ਰਚਨਾ, ਕੁਇਜ਼, ਨਾਟਕ, ਸਕਿਟ,ਨਕਲ, ਮਾਈਮ, ਮਿੱਮਕਰੀ, ਗੀਤ, ਗਜ਼ਲ, ਭਜਨ, ਸਮੂਹ ਗਾਣ, ਕਵਿਸ਼ਰੀ ਆਦਿ ਅਤੇ ਕੋਮਲ ਕਲਾਵਾਂ ਜਿਵੇਂ ਕਿ ਰੰਗੋਲੀ ਪੇਂਟਿੰਗ, ਕੋਲਾਜ਼ ਮੇਕਿੰਗ, ਕਲੇਅ ਮਾਡਲਿੰਗ, ਪੱਖੀ ਬੁਣਨਾ ਅਤੇ ਹੋਰ ਲੋਕ ਹੁਨਰਾਂ ਦੀ ਯੁਵਕ ਮੇਲੇ ਲਈ ਤਿਆਰੀ ਕਰਵਾਈ ਜਾਂਦੀ ਹੈ।

## 7) Vocational Guidance Bureau

ਇਸਦੇ ਅਧੀਨ ਵਿਦਿਆਰਥੀਆਂ ਨੂੰ ਅਗਲੀ ਪੜ੍ਹਾਈ, ਦਾਖਲੇ ਅਤੇ ਉਚੇਰੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਕਿੱਤਾਗਤ ਇਮਤਿਹਾਨਾਂ ਬਾਰੇ ਸੂਚਨਾ ਦਿੱਤੀ ਜਾਂਦੀ ਹੈ। ਨੌਕਰੀ, ਰੋਜ਼ਗਾਰ ਆਦਿ ਬਾਰੇ ਸਟਾਫ ਐਡਵਾਈਜ਼ਰ,ਪਾਸੋਂ ਲੋੜੀਂਦੀ ਜਾਣਕਾਰੀ ਮਿਲ ਸਕਦੀ ਹੈ।

## 8) ਕਾਲਜ ਦੇ ਇਮਤਿਹਾਨਾਂ ਦੇ ਆਧਾਰ ਤੇ ਇਨਾਮਾਂ ਲਈ ਨਿਯਮ

ਸਾਲ ਦੇ ਅਖੀਰ ਵਿੱਚ ਕਾਲਜ ਦਾ ਇਨਾਮ ਵੰਡ ਸਮਾਗਮ ਕੀਤਾ ਜਾਂਦਾ ਹੈ। ਇਸ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਨਿਯਮਾਂ ਦੇ ਆਧਾਰ ਉੱਤੇ ਇਨਾਮ ਦਿੱਤੇ ਜਾਂਦੇ ਹਨ।

1) ਕੁੱਲ ਜੋੜ (ਐਗਰੀਗੇਟ) ਅਤੇ ਵੱਖ-ਵੱਖ ਵਿਸ਼ਿਆਂ ਵਿਚੋਂ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ।

2) ਇਨਾਮਾਂ ਲਈ ਜ਼ਰੂਰੀ ਹੈ ਕਿ ਵਿਦਿਆਰਥੀ ਸਾਰੇ ਵਿਸ਼ਿਆਂ ਵਿੱਚੋਂ ਪਾਸ ਹੋਵੇ, ਉਸ ਵਿਰੁੱਧ ਕੋਈ ਗੰਭੀਰ ਸ਼ਿਕਾਇਤ ਨਾ ਹੋਵੇ ਅਤੇ ਸੰਬੰਧਤ ਵਿਸ਼ੇ ਜਾਂ ਜੋੜ ਵਿੱਚ ਘੱਟ ਤੋਂ ਘੱਟ 50 ਪ੍ਰਤੀਸ਼ਤ ਨੰਬਰ ਲਏ ਹੋਣ।

3) ਕਿਸੇ ਵਿਸ਼ੇ ਵਿਚੋਂ ਦੂਜਾ ਇਨਾਮ ਤਦ ਹੀ ਦਿੱਤਾ ਜਾਵੇਗਾ ਜੇਕਰ ਉਸ ਸ਼੍ਰੇਣੀ ਵਿਚ ਇਸ ਵਿਸ਼ੇ ਜਾਂ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 10 ਹੋਵੇ।

4) ਯੂਨੀਵਰਸਿਟੀ ਵੱਲੋਂ ਨਿਰਧਾਰਤ ਤੋਂ ਘੱਟ ਲੈਕਚਰ ਅਟੈਂਡ ਕਰਨ ਦੀ ਹਾਲਤ ਵਿੱਚ ਇਨਾਮ ਨਹੀਂ ਦਿੱਤਾ ਜਾਵੇਗਾ।

5) ਟਾਈ ਦੀ ਹਾਲਤ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦਾ ਫੈਸਲਾ ਕੁਲ ਨੰਬਰਾਂ (ਐਗਰੀਗੇਟ) ਦੇ ਅਧਾਰ ਤੇ ਕੀਤਾ ਜਾਵੇਗਾ। ਅਲੋਪ ਕਰਨ ਹੇਠਲੇ ਪਾਸੇ ਵੱਲੋਂ ਕੀਤਾ ਜਾਵੇਗਾ।

6) ਪਿਛਲੀ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਕ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ। ਉਸ ਲਈ ਘੱਟ ਤੋਂ ਘੱਟ 50 ਪ੍ਰਤੀਸ਼ਤ ਐਗਰੀਗੇਟ ਨੰਬਰ ਲੈਣਾ ਜ਼ਰੂਰੀ ਹੋਵੇਗਾ।

7) ਅਕਾਦਮਿਕ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਪ੍ਰੀਖਿਆ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇਗਾ।

## 9) ਖੇਡਾਂ ਵਿਚ ਪ੍ਰਾਪਤੀਆਂ ਦੇ ਆਧਾਰ ਤੇ ਰੋਲ ਆਫ ਆਨਰ ਪ੍ਰਦਾਨ ਕਰਨ ਸਬੰਧੀ ਨਿਯਮ

(ੳ) ਜਿਸ ਵਿਦਿਆਰਥੀ ਨੂੰ ਅੰਤਰ-ਜੋਨਲ, ਅੰਤਰ-ਯੂਨੀਵਰਸਿਟੀ ਜਾਂ ਸਟੇਟ ਜਾਂ ਰਾਸ਼ਟਰੀ ਪੱਧਰ ਤੇ ਸਨਮਾਨ ਦਿੱਤਾ ਜਾਂਦਾ ਹੈ, ਉਹ ਰੋਲ ਆਫਆਨਰ ਦਾ ਹੱਕਦਾਰ ਹੋਵੇਗਾ (ਸਨਮਾਨ ਦੇ ਸਰੂਪ ਦਾ ਫੈਸਲਾ ਕਾਲਜ ਕੌਂਸਲ ਕਰੇਗੀ)।

(ਅ) ਜੋ ਟੀਮ ਯੂਨੀਵਰਸਿਟੀ/ਸਟੇਟ/ਨੈਸ਼ਨਲ ਟੂਰਨਾਮੈਂਟ ਵਿਚ ਜੇਤੂ ਰਹੀ ਹੋਵੇ ਉਸ ਦੇ ਕਪਤਾਨ ਨੂੰ ਰੋਲ ਆਫ ਆਨਰ ਦਿੱਤਾ ਜਾਵੇਗਾ।

(ੲ) ਜਿਸ ਖਿਡਾਰੀ ਨੇ ਯੂਨੀਵਰਸਿਟੀ/ਸਟੇਟ ਦੀ ਪ੍ਰਤੀਨਿਧਤਾ ਕੀਤੀ ਹੋਵੇਗੀ ਅਤੇ ਯੂਨੀਵਰਸਿਟੀ ਜਾਂ ਸਟੇਟ/ਅੰਤਰ ਯੂਨੀਵਰਸਿਟੀ ਜਾਂ ਨੈਸ਼ਨਲ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ਉਸ ਖਿਡਾਰੀ/ਅਥਲੀਟ ਨੂੰ ਰੋਲ ਆਫ ਆਨਰ ਦਿੱਤਾ ਜਾਵੇਗਾ।

(ਸ) ਜਿਸ ਖਿਡਾਰੀ/ਅਥਲੀਟ ਨੇ ਯੂਨੀਵਰਸਿਟੀ ਜਾਂ ਨੈਸ਼ਨਲ ਚੈਂਪੀਅਨਸ਼ਿਪ ਵਿੱਚਾ ਨਵਾਂ ਰਿਕਾਰਡ ਕਾਇਮ ਕੀਤਾ ਹੋਵੇ ਉਸ ਨੂੰ ਰੋਲ ਆਫ  ਆਨਰ ਦਿੱਤਾ ਜਾਵੇਗਾ।

(ਹ) ਜੇ ਕਿਸੇ ਖਿਡਾਰੀ/ਐਥਲੀਟਨੇ ਰਾਸ਼ਟਰੀ ਪੱਧਰ ਤੇ ਪ੍ਰਤੀਨਿੱਧਤਾ ਕੀਤੀ ਹੋਵੇਤਾਂ ਉਸਨੂੰ ਰੋਲ ਆਫ ਆਨਰ ਦਿੱਤਾ ਜਾਵੇਗਾ।

## 10) ਖੇਡਾਂ ਵਿਚ ਪ੍ਰਾਪਤੀਆਂ ਦੇ ਅਧਾਰ ਤੇ ਕਾਲਜ ਕਲਰ ਸਬੰਧੀ ਨਿਯਮ

(ੳ) ਯੂਨੀਵਰਸਿਟੀ ਦੇ ਕੁਆਟਰ ਫਾਈਨਲ ਜਾਂ ਜ਼ੋਨ ਦੇ ਫਾਈਨਲ ਖੇਡਣ ਵਾਲੀ ਟੀਮ ਨੂੰ ਇੱਕ ਕਾਲਜ ਕਲਰ ਦਿੱਤਾ ਜਾ ਸਕਦਾ ਹੈ।

(ਅ) ਯੂਨੀਵਰਸਿਟੀ ਦੇ ਜ਼ੋਨਲ ਫਾਈਨਲ ਜਿੱਤਣ ਵਾਲੀ ਟੀਮ ਨੂੰ ਦੋ ਕਾਲਜ ਕਲਰ ਦਿੱਤੇ ਜਾ ਸਕਦੇ ਹਨ।

(ੲ) ਯੂਨੀਵਰਸਿਟੀ ਦੇ ਸੈਮੀ-ਫਾਈਨਲ ਜਿੱਤਣ ਵਾਲੀ ਜਾਂ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਤਿੰਨ ਖਿਡਾਰੀਆਂ ਨੂੰ ਕਾਲਜ ਕਲਰ ਦਿੱਤੇ ਜਾ ਸਕਦੇ ਹਨ।

(ਸ) ਯੂਨੀਵਰਸਿਟੀ ਵਿਚ ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਦੇ ਸਾਰੇ ਮੈਂਬਰਾਂ (ਸਮੇਤ ਸਬਸਟੀਚਿਊਟਸ ਦੇ) ਨੂੰ ਕਾਲਜ ਕਲਰ ਦਿੱਤੇ ਜਾ ਸਕਦੇ ਹਨ ਪਰੰਤੂ ਸ਼ਰਤ ਇਹ ਹੈ ਕਿ ਉਹਨਾਂ ਨੇ ਕਿਸੇ ਨਾ ਕਿਸੇ ਮੈਚ ਵਿੱਚ ਭਾਗ ਲਿਆ ਹੋਵੇ।ਕਾਲਜ ਵਿਅਕਤੀਗਤ ਖੇਡਾਂ ਕੁਸ਼ਤੀ, ਬਾਸਕਟਬਾਲ, ਐਥਲੈਟਿਕਸ, ਜਿਮਨਾਸਟਿਕ ਆਦਿ ਵਿਚ ਪਹਿਲੀਆਂ ਪੁਜੀਸ਼ਨਾਂ ਲੈਣ ਵਾਲਿਆਂ ਨੂੰ ਕਾਲਜ ਕਲਰ ਦਿੱਤੇ ਜਾ ਸਕਦੇ ਹਨ। ਕਾਲਜ ਦੇ ਸਰਵ ਉੱਤਮ ਅਥਲੀਟ (ਲੜਕੇ ਅਤੇ ਲੜਕੀਆਂ) ਨੂੰ ਕਾਲਜ ਕਲਰ ਦਿੱਤਾ ਜਾ ਸਕਦਾ ਹੈ।

ਨੋਟ : ਉੱਪਰ ਦੱਸੇ ਨਿਯਮਾਂ ਦੇ ਨਾਲ਼ ਇਹ ਵੀ ਜ਼ਰੂਰੀ ਹੈ ਕਿ ਇਨ੍ਹਾਂ ਖਿਡਾਰੀਆਂ ਦਾ ਵਿਵਹਾਰ ਵੀ ਚੰਗਾ ਰਿਹਾ ਹੋਵੇ।

## 11) ਸੱਭਿਆਚਾਰਕ ਸਰਗਰਮੀਆਂ ਵਿੱਚ ਪ੍ਰਾਪਤੀਆਂ ਦੇ ਅਧਾਰ ਤੇ ਰੋਲ ਆਫ ਆਨਰ ਦੇ ਨਿਯਮ

1) ਸੱਭਿਆਚਾਰਕ ਗਤੀਵਿਧੀਆਂ ਵਿਚ ਰੋਲ ਆਫ ਆਨਰ ਉਸ ਵਿਦਿਆਰਥੀ ਨੂੰ ਦਿੱਤਾ ਜਾ ਸਕਦਾ ਹੈ, ਜੋ ਕਿ ਇਨ੍ਹਾਂ ਗਤੀਵਿਧੀਆਂ ਦੇ ਇਕੋ ਖੇਤਰ ਵਿੱਚ ਇਕ ਸਾਲ ਵਿਚ ਘੱਟੋ-ਘੱਟ 40 ਨੰਬਰ ਪ੍ਰਾਪਤ ਕਰਦਾ ਹੈ। ਇਹ ਨੰਬਰ ਇਸ ਪ੍ਰਕਾਰ ਗਿਣੇ ਜਾਣੇ ਹਨ- ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲੇ ਸਥਾਨ ਲਈ 4 ਨੰਬਰ, ਦੂਜੇ ਸਥਾਨ ਲਈ 3 ਨੰਬਰ ਅਤੇ ਤੀਜੇ ਸਥਾਨ ਲਈ 2 ਨੰਬਰ ਹੋਣਗੇ। ਕੋਈ ਟੀਮ ਸ਼ੀਲਡ ਟਰਾਫੀ ਜਿੱਤਦੀ ਹੈ ਤਾਂ ਉਸਦਾ ਹਰ ਇਕ ਮੈਂਬਰ ਇਕ ਇਕ ਨੰਬਰ ਦਾ ਹੱਕਦਾਰ ਹੋਵੇਗਾ। ਇਹ ਮੁਕਾਬਲਾ ਕਰਾਉਣ ਵਾਲੀ ਸੰਸਥਾ ਯੂਨੀਵਰਸਿਟੀ ਵੱਲੋਂ ਪ੍ਰਵਾਨਿਤ ਹੋਣੀ ਚਾਹੀਦੀ ਹੈ। (ਯੂਥ ਫੈਸਟੀਵਲ ਇਸ ਪਹਿਰੇ ਵਿਚ ਲਿਖੇਂ ਨਿਯਮਾਂ ਦੀ ਸੀਮਾ ਵਿਚ ਨਹੀਂ ਆਉਂਦਾ)।

2) ਜੋ ਵਿਦਿਆਰਥੀ ਕਿਸੇ ਵਿਅਕਤੀਗਤ ਆਈਟਮ ਵਿਚ ਅੰਤਰ ਜ਼ੋਨਲ ਜਾਂ ਅੰਤਰ ਯੂਨੀਵਰਸਿਟੀ ਪੱਧਰ ਤੇ ਪਹਿਲੇ ਨੰਬਰ ਤੇ ਆਉਂਦਾ ਹੈ, ਉਹ ਰੋਲ ਆਫ ਆਨਰ ਦਾ ਹੱਕਦਾਰ ਹੋਵੇਗਾ।

3) ਜੋ ਟੀਮ ਅੰਤਰ-ਜ਼ੋਨਲ ਯੂਨੀਵਰਸਿਟੀ ਪੱਧਰ ਤੇ ਪਹਿਲੇ ਨੰਬਰ ਤੇ ਆਉਂਦੀ ਹੈ ਤਾਂ ਉਸ ਦੇ ਇਕ ਵਿਦਿਆਰਥੀ ਨੂੰ ਰੋਲ ਆਫ ਆਨਰ ਦਿੱਤਾ ਜਾਵੇਗਾ।

4) ਜਿਸ ਵਿਦਿਆਰਥੀ ਨੇ ਕਿਸੇ ਵੀ ਸਹਿ-ਵਿੱਦਿਅਕ ਸਰਗਰਮੀਆਂ ਵਿਚ ਅੰਤਰ-ਯੂਨੀਵਰਸਿਟੀ ਜਾਂ ਸਟੇਟ ਪੱਧਰ ਤੇ ਪਹਿਲਾਂ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ, ਉਹ ਰੋਲ ਆਫ ਆਨਰ ਦੇ ਯੋਗ ਹੋਵੇਗਾ।

5) ਲਗਾਤਾਰ ਤਿੰਨ ਸਾਲ ਕਿਸੇ ਵਿਅਕਤੀਗਤ ਆਈਟਮ ਵਿਚ ਜ਼ੋਨ ਵਿਚ ਫਸਟ ਆਉਣ ਤੇ ਰੋਲ ਆਫ ਆਨਰ ਦਿੱਤਾ ਜਾਵੇਗਾ।

ਨੋਟ : ਜਿਸ ਵਿਦਿਆਰਥੀ ਦਾ ਵਤੀਰਾ ਸੰਤੋਸ਼ਜਨਕ ਨਹੀਂ ਹੋਵੇਗਾ ਉਸਨੂੰ ਰੋਲ ਆਫ ਆਨਰ ਨਹੀਂ ਦਿੱਤਾ ਜਾਵੇਗਾ।

## 12) ਸੱਭਿਆਚਾਰਕ ਸਰਗਰਮੀਆਂ ਦੇ ਆਧਾਰ ਤੇ ਕਾਲਜ ਕਲਰ ਦੇਣ ਸਬੰਧੀ ਨਿਯਮ

1) ਜੋ ਵਿਦਿਆਰਥੀ ਜ਼ੋਨਲ ਯੂਥ ਫੈਸਟੀਵਲ ਵਿੱਚ ਕਿਸੇ ਵਿਅਕਤੀਗਤ ਆਈਟਮ ਵਿਚ ਪਹਿਲਾ ਸਥਾਨ ਪ੍ਰਾਪਤ ਕਰਦਾ ਹੈ ਤਾਂ ਉਹ ਕਾਲਜ ਕਲਰ ਦਾ ਹੱਕਦਾਰ ਹੋਵੇਗਾ।

2) ਜੋ ਟੀਮ ਜ਼ੋਨਲ ਯੂਥ ਫੈਸਟੀਵਲ ਵਿਚ ਪਹਿਲੇ ਸਥਾਨ ਤੇ ਆਉਂਦੀ ਹੈ ਉਸ ਦੇ ਤਿੰਨ ਵਿਦਿਆਰਥੀਆਂ ਨੂੰ ਕਾਲਜ ਕਲਰ ਦਿੱਤੇ ਜਾਣਗੇ। ਇਸ ਲਈ ਟੀਮ ਵਿੱਚ ਪੰਜ ਤੋਂ ਵੱਧ ਵਿਦਿਆਰਥੀ ਹੋਣੇ ਚਾਹੀਦੇ ਹਨ। ਜੇ ਕਿਸੇ ਟੀਮ ਵਿਚ ਪੰਜ ਜਾਂ ਪੰਜ ਤੋਂ ਘੱਟ ਵਿਦਿਆਰਥੀ ਹੋਣ ਤਾਂ ਉਸ ਟੀਮ ਨੂੰ ਦੋ ਕਾਲਜ ਕਲਰ ਦਿੱਤੇ ਜਾਣਗੇ। ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਇਕ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ ਜੇ ਉਸ ਟੀਮ ਦੇ ਮੈਂਬਰ ਘੱਟੋ ਘੱਟ ਪੰਜ ਹੋਣ।

3) ਜੇਕਰ ਕੋਈ ਟੀਮ ਅੰਤਰ ਜ਼ੋਨਲ ਯੂਥ ਫੈਸਟੀਵਲ ਵਿੱਚ ਪਹਿਲੇ ਸਥਾਨ ਤੇ ਆਉਂਦੀ ਹੈ ਤਾਂ ਉਸਦੇ ਸਾਰੇ ਮੈਂਬਰਾਂ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

4) ਜੇ ਕੋਈ ਟੀਮ ਅੰਤਰ ਜੋਨਲ ਯੂਥ ਫੈਸਟੀਵਲ ਵਿਚ ਦੂਜੇ ਸਥਾਨ ਤੇ ਆਉਂਦੀ ਹੈ ਅਤੇ ਉਸਦੀ ਗਿਣਤੀ ਪੰਜ ਤੋਂ ਵੱਧ ਹੈ ਤਾਂ ਉਸਨੂੰ ਦੋ ਕਲਰ ਅਤੇ ਜੇ ਪੰਜ ਜਾਂ ਪੰਜ ਤੋਂ ਘੱਟ ਹੋਵੇ ਤਾਂ ਉਸਨੂੰ ਇਕ ਕਾਲਜ ਕਲਰ ਮਿਲੇਗਾ।

## 13) ਐੱਨ.ਐੱਸ.ਐੱਸ. ਵਿਚਰੋਲ ਆਫ ਆਨਰ :

ਜਿਸ ਵਿਦਿਆਰਥੀ ਨੂੰ ਯੂਨੀਵਰਸਿਟੀ ਸਟੇਟ ਜਾਂ ਰਾਸ਼ਟਰੀ ਪੱਧਰ ਤੇ ਸਨਮਾਨ ਦਿੱਤਾ ਜਾਂਦਾ ਹੈ, ਉਹ ਕਾਲਜ ਵੱਲੋ ਰੋਲ ਆਫ ਆਨਰ ਦਾ ਹੱਕਦਾਰ ਹੋਵੇਗਾ।

## 14) ਐੱਨ.ਐੱਸ.ਐੱਸ. ਵਿਚ  ਕਲਰ :

ਜੇ ਕੋਈ ਵਿਦਿਆਰਥੀ ਡਾਇਰੈਕਟੋਰੇਟ ਯੂਥ ਸਰਵਿਸਿਜ਼ ਪੰਜਾਬ (ਚੰਡੀਗੜ੍ਹ) ਵੱਲੋਂ ਲਗਾਏ ਗਏ ਕੈਂਪ ਵਿਚ ਸਰਵੋਤਮ ਕੈਂਪਰ ਘੋਸ਼ਿਤ ਕੀਤਾ ਜਾਂਦਾ ਹੈ ਤਾਂ ਉਹ ਕਾਲਜ ਕਲਰ ਦੇ ਯੋਗ ਸਮਝਿਆ ਜਾਵੇਗਾ।

ਨੋਟ : ਉਪਰੋਕਤ ਕੈਂਪ ਵਿਚ ਕਿਸੇ ਐਕਟੀਵਿਟੀ ਵਿਚ ਜੇ ਕੋਈ ਵਿਦਿਆਰਥੀ ਪਹਿਲੇ, ਦੂਜੇ ਜਾਂ ਤੀਜੇ ਸਥਾਨ ਤੇ ਆਉਂਦਾ ਹੈ ਤਾਂ ਉਸਦੇ ਨੰਬਰ ਨਿਯਮ ਅਨੁਸਾਰ ਕਾਲਜ ਦੇ ਰੋਲ ਆਫ ਆਨਰ/ਕਲਰ ਲਈ ਜੋੜੇ ਜਾ ਸਕਦੇ ਹਨ। ਜੇਕਰ ਯੂਥ ਸਰਵਿਸਿਜ਼ ਡਾਇਰੈਕਟੋਰੇਟ ਅੰਤਰ ਰਾਜ ਪੱਧਰ ਤੇ ਕੋਈ ਪ੍ਰੋਗਰਾਮ ਆਯੋਜਿਤ ਕਰਦਾ ਹੈ ਅਤੇ ਇਸ  ਦਾ ਕੋਈ ਵਿਦਿਆਰਥੀ ਉਪਰੋਕਤ ਪ੍ਰੋਗਰਾਮ ਵਿਚ ਉਪਲਬਧੀ ਹਾਸਲ ਕਰਦਾ ਹੈ ਤਾਂ ਉਹ ਕਾਲਜ ਕਲਰ ਦਾ ਹੱਕਦਾਰ ਹੋ ਸਕਦਾ ਹੈ, ਜੇਕਰ ਉਹ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ:-

1) ਐੱਨ.ਐੱਸ.ਐੱਸ. ਦਾ ਸ਼ਲਾਘਾ ਯੋਗ ਮੈਂਬਰ ਰਿਹਾ ਹੋਵੇ।

2) ਇਕ ਸੈਸ਼ਨ ਲਈ ਬਾਲਗ ਵਿੱਦਿਆ ਕੇਂਦਰ ਚਲਾਇਆ ਹੋਵੇ ਜਾਂ ਘੱਟੋ-ਘੱਟ 500 ਰੁ: ਫੰਡ ਇਕੱਠਾ ਕੀਤਾ ਹੋਵੇ।

3) ਇਕ ਵਾਰ ਖ਼ੂਨ ਦਾਨ ਵੀ ਕੀਤਾ ਹੋਵੇ।

4) ਕਾਲਜ/ਯੂਨੀਵਰਸਿਟੀ ਦੇ ਦਸ ਦਿਨਾਂ ਦੇ ਘੱਟੋ-ਘੱਟ ਤਿੰਨ ਕੈਂਪ ਲਗਾਏ ਹੋਣ ਅਤੇ ਦੋ ਕੈਂਪਾਂ ਵਿਚ ਗਰੁੱਪ ਲੀਡਰ ਰਿਹਾ ਹੋਵੇ।

## 15) ਰੈੱਡ ਕਰਾਸ

1) ਜੇਕਰ ਰਾਜ ਪੱਧਰ ਮੁਕਾਬਲੇ ਵਿੱਚ ਕਾਲਜ ਦੀ ਟੀਮ ਪਹਿਲਾ ਸਥਾਨ ਪ੍ਰਾਪਤ ਕਰਦੀ ਹੈ ਤਾਂ ਟੀਮ ਦੇ ਸਾਰੇ ਮੈਂਬਰਾਂ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

2) ਜੇਕਰ ਰਾਜ ਪੱਧਰ ਮੁਕਾਬਲੇ ਵਿੱਚ ਕਾਲਜ ਦੀ ਟੀਮ ਦੂਜਾ ਸਥਾਨ ਪ੍ਰਾਪਤ ਕਰਦੀ ਹੈ ਤਾਂ ਟੀਮ ਦੇ ਅੱਧੇ ਮੈਂਬਰਾਂ ਨੂੰ ਜਿਨ੍ਹਾਂ ਦੇ ਜਿਆਦਾ ਨੰਬਰ ਹੋਣਗੇ, ਕਾਲਜ ਕਲਰ ਦਿੱਤਾ ਜਾਵੇਗਾ।

3) ਜੇਕਰ ਜ਼ਿਲ੍ਹਾ ਮੁਕਾਬਲੇ ਵਿਚ ਕੋਈ ਵਿਦਿਆਰਥੀ ਸਰਵੋਤਮ ਘੋਸ਼ਿਤ ਕੀਤਾ ਜਾਂਦਾ ਹੈ ਤਾਂ ਉਸਨੂੰ ਕਾਲਜ ਕਲਰ ਦਿੱਤਾ ਜਾਵੇਗਾ।

## 16) ਪੀ.ਟੀ.ਏ. ਕਮੇਟੀ :

ਵਿਦਿਆਰਥੀਆਂ ਦੇ ਸਮੁੱਚੇ ਵਿਕਾਸ ਹਿੱਤ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨਜਿੱਠਣ ਲਈ ਪੰਜਾਬ ਸਰਕਾਰ ਦੇ ਪੱਤਰ ਨੰਬਰ 3131 95-5ਸਿ15902 ਮਿਤੀ ਚੰਡੀਗੜ੍ਹ 25-3-98 ਅਨੁਸਾਰ ਪੀ.ਟੀ.ਏ ਦੀ ਸਥਾਪਨਾ ਕੀਤੀ ਗਈ ਹੈ। ਇਸ ਲਈ ਹਰ ਅਧਿਆਪਕ ਅਤੇ ਹਰ ਵਿਦਿਆਰਥੀ ਤੇ ਮਾਪੇ ਹਰ ਸਾਲ ਸਤੰਬਰ ਦੇ ਪਹਿਲੇ ਹਫਤੇ ਕਾਲਜ -ਸਾਧਕ ਕਮੇਟੀ ਦੀ ਚੋਣ ਕਰਦੇ ਹਨ ਜੋ ਮਿਲਕੇ.ਪੀ.ਟੀ.ਏ. ਦਾ ਸਮੁੱਚਾ ਕੰਮ ਦੇਖਦੀ ਹੈ। ਡਾਇਰੈਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ ਚੰਡੀਗੜ੍ਹ ਦੇ ਮੀਮੋ ਨੰ: 13-3-2005 ਕਾ ਐਜ (4) ਮਿਤੀ 7-5-2007 ਅਨੁਸਾਰ ਹਰ ਵਿਦਿਆਰਥੀ 3500/- ਰੁਪਏ ਸਲਾਨਾ ਬਤੌਰ ਪੀ.ਟੀ.ਏ.ਫੰਡ ਦੇਵੇਗਾ। ਪੀ.ਟੀ.ਏ ਫੰਡ ਵਿੱਚ ਦਾਨੀਆਂ ਪਾਸੋਂ ਦਾਨ ਵੀ ਲਿਆ ਜਾ ਸਕਦਾ ਹੈ।

# M.R Govt. College, Fazilka

## NEW Fee Chart

University Charges (2024-25) Annual Charges (2024-25)
Vide Uni. Letter no. Misc./A-134929-35209 Dated 28-7-2022 & Letter No Misc/A-1/3560
Dated 11-05-2023 Revised Examination Fees by University in 2024-25 (August)

| | University Charges | B.A/B.Sc/B.Com-I | B.A/B.Sc/B.Com-II,III | | A/F | |
|---|---|---|---|---|---|---|
| 1. | Continuation Fee | -- | 225-00 | 1 | Magazine Fund | 50-00 |
| 2 | Enrolment Fee | | -- | 2 | Medical Fund | 10-00 |
| 3 | Registration Fee | 446 | -- | 3 | Red Cross Fund | 24-00 |
| 4 | Youth Welfare Fund | 102-00 | 102-00 | 4 | Identity Card Fund | 15-00 |
| 5 | Student Holiday Home Fee. | 80-00 | 80-00 | 5 | Dilapidation Fund | 20-00 |
| 6 | Sports Fee | 225-00 | 225-00 | 6 | Student Aid Fun d | 10-00 |
| 7 | Univ Sport Dev Fee | 50-00 | 50-00 | 7 | House Exam Fund | 50-00 |
| 8 | College Dev Council Fund | 91-00 | 91-00 | 8 | Pb Phy Edu Dev Fund | 75-00 |
| 9 | Pb Univ Alumni House & Sep Fund | 35-00 | 35-00 | 9 | Pb State Higher Edu Dev Fund | 20-00 |
| 10 | World University Service | 50-00 | ----- | 10. | Student Actives Fee | 35-00 |
| 11 | Rajeev Gandhi College | 100-00 | ----- | 11 | Building Fund | 15-00 |
| 12. | P. Service Tax | 20-00 | ----- | 12 | **Library Fund** | 25-00 |
| 13. | B.A/B.Sc/B.Com Degree Charges | ----- | ----- | 13 | **State Sports Fund** | **15-00** |
| 14 | Multi purpose Auditorium | 50-00 | ----- | 14 | Water & Electricity Fund | 100-00 |
| 15. | N.S.S Fee | 25-00 | 25-00 | 15 | Generator Fund | 15-00 |
| 16. | Guru Teg Bahadur Construction Fund | ----- | ----- | 16 | College Develeopment Fund | 200-00 |
| | Punjab Culture & History Fees | 05-00 | | | **Total** | **679** |
| 17. | Girls Sports Fund | ----- | ----- | | | |
| | Affiliation Fee | 02-00 | | | | |
| | **Total** | **1281/-** | **833/-** | | | |

| | | | | |
|---|---|---|---|---|
| With the Permission of Principal Late Fee | 2000-00 | 1. | Amalgamated Fund | 96-00 P.A. |
| With the Permission of V.C Late Fee | 5000-00 | 2. | tuition Fee | 144-00 P.A. |
| Inter University Migration Fee | 420-00 | 3. | Geography | 84-00 P.A. |
| ENV. education Fee (Charge only BA/B.Sc/B.Com-I) | 280-00 PA | 4. | Cycle Fund | 24-00 P.A. |
| | | 5. | Scooter/Motor Cycle | 60-00 P.A. |
| **University Examination Fee** | | 6. | Absent Fine | 00-50 per period 01-00 per day |
| | | 7. | Admission Fee | 10-00 P.A. |
| 1. ENV. Education Annual University Exam. | 770-00 | 8. | Lib. Security | 30-00 P.A. |
| 2. Science Courses | 3210-00 | | | |
| 3. Non- Science Courses with Practical | 3210-00 | | | |
| 4. Non- Science Courses without Practical | 2010-00 | | | |

ਨੋਟ- ਯੂਨੀਵਰਸਿਟੀ ਵੱਲੋਂ ਸੈਸ਼ਨ 2025-26 ਲਈ ਫੀਸਾਂ ਨਵਾਂ ਵੇਰਵਾ ਪ੍ਰਾਸਪੈਕਟ ਛਪਣ ਤੱਕ ਜਾਰੀ ਨਹੀਂ ਕੀਤਾ ਗਿਆ। ਇਸ ਕਰਕੇ ਸੈਸ਼ਨ 2025-26 ਦੀਆਂ ਫੀਸਾਂ ਉਪਰੋਕਤ ਦਿੱਤੇ ਵੇਰਵੇ ਨਾਲੋਂ ਘੱਟ ਜਾਂ ਵੱਧ ਹੋ ਸਕਦੀਆਂ ਹਨ। ਵਿਭਾਗੀ ਨਿਯਮਾਂ ਮੁਤਾਬਕ ਹੋਈਆਂ ਤਬਦੀਲੀਆਂ ਅਨੁਸਾਰ ਹੀ ਵਿਦਿਆਰਥੀ ਫੀਸ ਭਰਨ ਦੇ ਪਾਬੰਦ ਹੋਣਗੇ।

Scanned with CamScanner

# M.R. Govt. College, Fazilka

(PROVISONAL 2024-25)

**Revised August 2024 Detail of Fee Funds Charges from the Students during the session -2024-25 (For Semester 1st, 2nd, 3rd, 4th, 5th & 6th)**

| Particular | B.A I without Pract. Sub | | B.A I WITH PRACTICAL | | B.ScI (Non Med) | | B.A II/III without Pract Sub | | B.A II/III with Pract Sub | | B.Sc II/III (Non Med) | |
|---|---|---|---|---|---|---|---|---|---|---|---|---|
| | Boys | Girls | Boys | Girls | Boys | Girls | Boys | Girls | Boys | Girls | Boys | Girls |
| Admn Fee | 10 | 10 | 10 | 10 | 10 | 10 | -- | -- | -- | -- | -- | -- |
| Tuition Fee | 144 | --- | 144 | --- | 144 | -- | 144 | -- | 144 | -- | 144 | -- |
| Uni. Exams Fee 1,2,3,4,5&6 Sem | 4790 | 4790 | 5990 | 5990 | 7190 | 7190 | 4020 | 4020 | 5220 | 5220 | 6420 | 6420 |
| A. Charges | 679 | 679 | 679 | 679 | 679 | 679 | 679 | 679 | 679 | 679 | 679 | 679 |
| Security | 30 | 30 | 30 | 30 | 30 | 30 | - | - | - | - | - | - |
| Env. Edu.F | 280 | 280 | 280 | 280 | 280 | 280 | - | - | - | - | - | - |
| Amalaga. F | 96 | 96 | 96 | 96 | 96 | 96 | 96 | 96 | 96 | 96 | 96 | 96 |
| Science .F | -- | -- | | | 138 | 138 | -- | -- | -- | -- | 138 | 138 |
| Uni. Charges | 1281 | 1281 | 1281 | 1281 | 1281 | 1281 | 833 | 833 | 833 | 833 | 833 | 833 |
| Total | 7310 | 7166 | 8510 | 8366 | 9848 | 9704 | 5772 | 5628 | 6972 | 6828 | 8310 | 8166 |
| Geo. F | ---- | --- | 84 | 84 | -- | -- | -- | -- | 84 | 84 | -- | -- |
| Geo.Due Total | --- | ---- | 8594 | 8450 | -- | -- | -- | -- | 7056 | 6912 | -- | -- |
| Comp. Sci | --- | ---- | 1500 | 1500 | ----- | ---- | ---- | ---- | 1500 | 1500 | ---- | --- |
| Comp. Sci. Total | ---- | --- | 10094 | 9950 | ---- | ---- | ---- | ---- | 8556 | 8412 | ---- | --- |
| P.T.A. Fund | 3500 | 3500 | 3500 | 3500 | 3500 | 3500 | 3500 | 3500 | 3500 | 3500 | 3500 | 3500 |
| GRAND TOTAL | 10810 | 10666 | 13594 | 13450 | 13348 | 13204 | 9272 | 9128 | 12056 | 11912 | 11810 | 11666 |
| ENV Fee | -- | -- | -- | -- | -- | -- | 770 | 770 | 770 | 770 | 770 | 770 |
| | -- | -- | -- | -- | -- | -- | 10042 | 9898 | 12826 | 12682 | 12580 | 12436 |

Scanned with CamScanner